

103 YEARS OF SEWA
1920 SINGH SABHA 2023
DADAR GURDWARA
ਸਿੰਘ ਸਭਾ ਮੁੰਬਈ, ਦਾਦਰ
ਸ੍ਰੀ ਗੁਰੂ ਸਿੰਘ ਸਭਾ
ਪੱਤ੍ਰਿਕਾ
੧ ਜੂਨ ੨੦੨੩
ਸਿੱਖ ਮੁਫਾਦ ਦਾ ਪਹਿਰੇਦਾਰ

# ਗੁਰਮਤਿ ਸਿੱਖਲਾਈ ਕੈਂਪ ਵਿੱਚ ਅਗਲੀ ਪੀੜੀ ਨੂੰ ਜਾਤੀ ਅਤੇ ਜਮਾਤੀ ਸਿੱਖ ਜੀਵਚ ਜਾਚ ਲਈ ਕੀਤਾ ਤਿਆਰ

**ਸਿੰਘ ਸਭਾ ਪੱਤ੍ਰਿਕਾ ਰਿਪੋਰਟਰ**

ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰਮਤਿ ਵਿੱਚ ਪਰਪੱਕ ਕਰਨ ਲਈ ਲਗਭਗ ਪਿਛਲੇ 35 ਸਾਲਾਂ ਦੀ ਲੜੀ ਨੂੰ ਤੋਰਦੇ ਹੋਏ ਇਸ ਸਾਲ ਵੀ ਗੁਰਮਤਿ ਸਿੱਖਲਾਈ ਕੈਂਪ ਲਗਾਇਆ ਗਿਆ ਜਿਸ ਵਿੱਚ ਕੋਈ 400 ਜੀਆਂ ਨੇ -ਵੱਡੇ-ਛੋਟੇ ਬੱਚਿਆਂ ਨੇ ਅਤੇ ਉਨ੍ਹਾਂ ਦੇ ਮਾਪਿਆਂ ਨੇ ਸ਼ਮੂਲੀਅਤ ਕੀਤੀ। ਗੁਰਮਤਿ ਮਿਸ਼ਨਰੀ ਕਾਲਜ ਮੁੰਬਈ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਮਹਾਰਾਸ਼ਟਰਾ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਰੋਪੜ, ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਮੁੰਬਈ ਅਤੇ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਸਤਾਰਾ, ਮਹਾਰਾਸ਼ਟਰਾ ਵਿੱਖੇ ਰਮਣੀਕ, ਸ਼ਾਂਤ ਅਤੇ ਸ਼ੁਧ ਵਾਤਾਵਰਣ ਵਿੱਚ ਲਗਾਇਆ ਗਿਆ।

5 ਰੋਜਾ ਕੈਂਪ 30 ਮਈ 2023 ਨੂੰ ਸ਼ੁਰੂ ਕੇ 3 ਜੂਨ ਨੂੰ ਸਮਾਪਤ ਹੋਇਆ ਅਤੇ ਇਸ ਵਿੱਚ ਮੁੰਬਈ ਤੋਂ ਇਲਾਵਾ ਸਤਾਰਾ, ਪੂਨਾ, ਧੁਲੀਆ, ਸ਼ੋਲਾਪੁਰ, ਵਾਪੀ, ਨਾਸਿਕ, ਪੰਜਾਬ, ਰਾਇਪੁਰ, ਹਲਦਵਾਨੀ, ਤੇ ਹੋਰ ਥਾਵਾਂ ਤੋਂ ਸੰਗਤਾਂ ਨੇ ਹਿੱਸਾ ਲਿਆ।

ਕੈਂਪ ਦੇ ਦੌਰਾਨ ਸਵੇਰ ਅਤੇ ਸ਼ਾਮ ਦੇ ਦੀਵਾਨਾਂ ਵਿੱਚ ਸੰਗਤਾਂ ਨੂੰ 6 ਸਰਕਲਾਂ ਵਿੱਚ ਵੰਡਿਆ ਗਿਆ ਅਤੇ ਗੁਰੂ ਸਾਹਿਬ ਦੇ ਪ੍ਰਕਾਸ਼, ਨਿੱਤਨੇਮ ਬਾਣੀਆਂ ਦੇ ਪਾਠ, ਸ਼ਬਦ ਕੀਰਤਨ, ਸ਼ਬਦ ਵਿਚਾਰ, ਸੁਖਆਸਨ, ਕੜਾਹ ਪ੍ਰਸਾਦਿ ਦੀ ਸੇਵਾ ਅਤੇ ਹੋਰ ਸੇਵਾਵਾਂ ਨੂੰ ਇੱਕ ਮੁਕਾਬਲੇ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਬੱਚਿਆਂ ਵੱਲੋਂ ਸਾਲ ਭਰ ਵਿੱਚ ਜੋ ਤਿਆਰੀ ਕੀਤੀ ਗਈ ਸੀ ਉਸ ਦੀ ਭਰਪੂਰ ਪੇਸ਼ਕਾਰੀ ਕੀਤੀ ਗਈ। ਸਵੇਰੇ ਅਤੇ ਸ਼ਾਮ, ਨਿੱਤਨੇਮ ਬਾਣੀਆਂ ਦੇ ਪਾਠ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਅਨੁਸਾਰ ਕੀਤੇ ਗਏ।

ਬੱਚਿਆ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਬਹੁਤ ਹੀ ਪਿਆਰ ਸਤਿਕਾਰ ਨਾਲ ਬਾਣੀ ਦੇ ਸ਼ਬਦਾਂ ਦੀ ਬਣਤਰ ਨੂੰ ਸਮਝਕੇ, ਵਿਆਕਣ ਨੂੰ ਧਿਆਨ ਵਿੱਚ ਰੱਖ ਕੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਸ਼ੁੱਧ ਕੀਤਾ ਜੋ ਕੇ ਬਹੁਤ ਹੀ ਅਨੰਦਮਈ ਗੱਲ ਸੀ।

ਤੰਤੀ ਸਾਜ਼ਾਂ ਰਾਹੀਂ ਬੱਚਿਆਂ ਨੇ ਕੀਰਤਨ ਗਾਇਨ ਕਰ ਕੇ ਬੜਾ ਅਨੋਖਾ ਅਤੇ ਨਵੇਕਲਾ ਸਮਾਂ ਬੰਨਿਆ। ਕੀਰਤਨ ਗਾਇਨ ਦੇ ਨਾਲ-ਨਾਲ ਬੱਚਿਆਂ ਨੇ ਗਾਇਨ ਕੀਤੇ ਸ਼ਬਦਾਂ ਦੀ ਵਿਚਾਰ ਵੀ ਬੜੇ ਹੀ ਵਧੀਆ ਤਰੀਕੇ ਨਾਲ ਕੀਤੀ। ਇਸ ਕੀਰਤਨ ਅਤੇ ਸ਼ਬਦ ਵਿਚਾਰ ਦਾ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ। ਸਾਰੇ ਦੀਵਾਨਾਂ ਵਿਚ ਅਰਦਾਸ ਦੀ ਸੇਵਾ ਛੋਟੇ-ਛੋਟੇ ਬੱਚਿਆਂ ਨੇ ਨਿਭਾਈ। ਜਿਸ ਸ਼ਬਦਾਵਲੀ ਵਿਚ ਬੱਚਿਆਂ ਨੇ ਇਹ ਸੇਵਾ ਨਿਭਾਈ ਉਹ ਵੇਖ ਕੇ ਸਾਰੇ ਅਸ਼ ਅਸ਼ ਕਰ ਰਹੇ ਸਨ।








ਹੈਰਾਨਗੀ ਅਤੇ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਸਮਾਗਮਾਂ ਦੇ ਵਿੱਚ ਧੁਲੀਆ ਅਤੇ ਸ਼ੋਲਾਪੁਰ ਦੀਆਂ ਸਿੰਧੀ ਬੱਚੇ-ਬੱਚੀਆਂ ਨੇ ਪੂਰੇ ਬਾਣੇ ਵਿੱਚ ਆਪਣੀ ਹਾਜ਼ਰੀ ਦਿੱਤੀ ਅਤੇ ਨਿੱਤਨੇਮ, ਕੀਰਤਨ, ਸ਼ਬਦ ਵਿਚਾਰ ਤੇ ਹੋਰ ਸਾਰੀਆਂ ਸੇਵਾਵਾਂ ਨਿਭਾਈਆਂ।




ਗੁਰਮਤਿ ਕਲਾਸਾਂ ਚਲਾਉਣ ਵਾਸਤੇ ਸੰਗਤਾਂ ਨੂੰ ਉਮਰ ਦੇ ਹਿਸਾਬ ਦੇ ਨਾਲ ਛੇ ਗਰੁੱਪਾਂ ਦੇ ਵਿੱਚ ਵੰਡਿਆ ਗਿਆ ਸੀ। ਵੱਖ-ਵੱਖ ਉਮਰਾਂ ਮੁਤਾਬਕ ਉਨ੍ਹਾਂ ਦੇ ਲੈਕਚਰ ਨਿਯਤ ਕੀਤੇ ਗਏ ਸਨ।

ਇਨ੍ਹਾਂ ਕਲਾਸਾਂ ਵਿੱਚ ਗੁਰ ਇਤਿਹਾਸ, ਸਿੱਖ ਰਹਿਤ ਮਰਿਆਦਾ, ਗੁਰਬਾਣੀ ਦੀਆਂ ਸੇਧਾਂ, ਮੌਜੂਦਾ ਹਾਲਾਤਾਂ ਬਾਰੇ ਜਾਣਕਾਰੀ, ਸਾਡੇ ਭਵਿੱਖ ਦੇ ਰੋਲ, ਸਿੱਖੀ ਤੇ ਗੌਰਵ ਮਹਿਸੂਸ ਕਰਨਾ ਇਤਿਆਦਿਕ ਵਿਸ਼ਿਆਂ ‘ਤੇ ਸੇਧ ਦਿੱਤੀ ਗਈ। ਇਸ ਤੋਂ ਇਲਾਵਾ ਸੇਧ ਦੇਣ ਵਾਸਤੇ ਗੁਰਮਤਿ ਗਿਆਨ ਤੇ ਸਿਧਾਂਤ ਨੂੰ ਦ੍ਰਿੜ ਕਰਵਾਉਂਦੀ ਕਵਿਜ (ਪ੍ਰਸ਼ਨੌਤਰੀ) ਦੀ ਖੇਡ ਵੀ ਖਿਡਾਈ ਗਈ।

ਸਿੱਖੀ ਦੇ ਪ੍ਰੋਗਰਾਮ ਵਿੱਚ ਲਗਾਤਾਰਤਾ ਰੱਖਣ ਲਈ, ਬਚਿਆਂ ਲਈ ਸਹਿਜ ਪਾਠ ਵੀ ਅਰੰਭ ਕਰਵਾਏ ਗਏ ਜੋ ਉਹ ਨੇ ਆਪਣੇ-ਆਪਣੇ ਘਰ ਜਾ ਕੇ ਕਰਨਗੇ ਤੇ ਗੁਰਮਤਿ ਦੇ ਗਾਡੀ ਰਾਹ ਨਾਲ ਜੁੜੇ ਰਹਿਣਗੇ।

ਸੰਗਤਾਂ ਨੂੰ ਲੈਕਚਰਾਂ ਰਾਹੀਂ ਸੇਧ ਦੇਣ ਲਈ ਸਾਹਿਬਜ਼ਾਦਾ ਅਜੀਤ ਸਿੰਘ ਗੁਰਮਤਿ ਕਾਲਜ ਦੇ ਪ੍ਰਿੰਸੀਪਲ ਮਨਿੰਦਰਪਾਲ ਸਿੰਘ, ਅੰਮ੍ਰਿਤਸਰ ਸਾਹਿਬ ਤੋਂ ਅਮਰਜੀਤ ਸਿੰਘ ਵਾਇਸ ਚੇਅਰਮੈਨ, ਰਾਜਪਾਲ

*ਚਲਦਾ ਪੰਨਾ ਨੰਬਰ 16 ‘ਤੇ*

ਸ੍ਰੀ ਗੁਰੂ ਸਿੰਘ ਸਭਾ

# ਪੱਤ੍ਰਿਕਾ

ਸਿੱਖ ਮੁਫਾਦ ਦਾ ਪਹਿਰੇਦਾਰ

**Year: 9 | Issue: 217 | 1 June 2023 | Price: Rs. 5**

Editor **Kulwant Singh**
Publisher **Bahadur Singh**
on behalf of Trust Sri Guru Singh Sabha,
Dr. Ambedkar Road, Dadar (E), Mumbai-14

Printer: **Excel Arts,** Bhai Jaimal Singh Marg,
Opp. Guru Nanak High School,
Guru Teg Bahadur Nagar, Mumbai-37

Feedback: T: 24135029 E: sgssdadar@gmail.com

**Disclaimer**
Sri Guru Singh Sabha does not
necessarily endorse all views of writers.

**Jurisdiction**
All disputes subject to jurisdiction of Mumbai courts only.

**Title Photo Credits:**
Artist Parm Singh
www.punjabartgallery.com

## ਇਸ ਅੰਕ ਵਿੱਚ

5 **ਬਾਬਾ ਬੰਦਾ ਸਿੰਘ ਦੀ ਸ਼ਹੀਦਤ**

6 **ਮੀਰੀ ਪੀਰੀ ਦਿਵਸ 'ਤੇ ਵਿਸ਼ੇਸ਼**

7 **ਮਹਾਰਾਸ਼ਟਰ 'ਚ ਭੀੜ ਵੱਲੋਂ 3 ਸਿੱਖ ਬੱਚਿਆਂ ਦੀ ਹੱਤਿਆ**

8 **ਜੰਦਰੇ**

15 **ਜੂਨ 84 ਦਾ ਘੱਲੂਘਾਰਾ**

**Registration No. MAHBIL/2013/53199**
**Postal Registration NO.MCE/248/2023-25**
**Postal at Dadar H.O. Mumbai-14**

# ਸੰਪਾਦਕੀ

## ਸਾਕਾ ਅਕਾਲ ਤਖ਼ਤ, ਸ਼ਹਾਦਤ ਅਤੇ ਸਿੱਖੀ ਦੇ ਅਜੋਕੇ ਹਲਾਤ



ਜੂਨ ਮਹੀਨਾ ਆਉਂਦਿਆਂ ਹੀ ਸਾਡੇ ਹਿਰਦਿਆਂ ਵਿੱਚ ਚੀਸ ਪੈਣੀ ਸ਼ੁਰੂ ਹੋ ਜਾਂਦੀ ਹੈ। ਸ਼ਹੀਦਾਂ ਦੀ ਯਾਦ ਦੀ ਚੀਸ, ਪੰਜਾਬ ਅਤੇ ਸਿੱਖਾਂ ਦੇ ਮਸਲੇ, ਜਿਨ੍ਹਾਂ ਕਰਕੇ ਸੈਂਕੜੇ-ਹਜ਼ਾਰਾਂ ਸਿੰਘ ਸਿੰਘਣੀਆਂ ਅਤੇ ਬੱਚਿਆਂ ਨੇ ਸ਼ਹਾਦਤਾਂ ਦਿੱਤੀਆਂ। ਕਈ ਦਹਾਕਿਆਂ ਬਾਅਦ ਉਨ੍ਹਾਂ ਮਸਲਿਆਂ ਦਾ ਜਿਉਂ ਦੇ ਤਿਉਂ ਬਣੇ ਰਹਿਣ ਦੀ ਚੀਸ, ਕੌਮੀ ਆਗੂਆਂ ਦੀ ਕੌਮੀ ਮੁੱਦਿਆਂ 'ਤੇ ਬਣਾਈ ਚੁੱਪੀ ਦੀ ਚੀਸ ਅਤੇ ਇੰਨੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਤੋਂ ਬਾਅਦ ਸਿੱਖੀ ਦੇ ਅਜੋਕੇ ਹਲਾਤ ਦੀ ਚੀਸ।.

ਜੂਨ 84 ਦਾ ਪਹਿਲਾ ਹਫਤਾ 39 ਸਾਲ ਪਹਿਲਾਂ ਲੰਘੇ ਹਫਤੇ ਨੂੰ ਚੇਤੇ ਕਰਦਿਆਂ ਹੀ ਗੁਜ਼ਰ ਜਾਂਦਾ ਹੈ। ਇੰਝ ਜਾਪਦਾ ਹੈ ਕਿ ਉਸ ਹਫਤੇ ਦੇ ਹਰ ਇੱਕ ਪਲ ਨੂੰ ਜੀਅ ਰਹੇ ਹਾਂ। ਜਿਵੇਂ ਉਸ ਸਮੇਂ ਦਾ ਪਲ-ਪਲ ਸਾਡੇ ਜ਼ਹਿਨ ਦੀਆਂ ਡੂੰਘਾਈਆਂ ਵਿੱਚ ਖੁਬਿਆ ਹੋਇਆ ਹੈ।

ਹਰ ਲੇਖ ਵਿੱਚ, ਹਰ ਸੋਸ਼ਲ ਮੀਡੀਆ ਪੋਸਟ ਵਿੱਚ ਅਸੀਂ ਆਪਣੇ ਆਪ ਨੂੰ ਯਾਦ ਕਰਾਉਂਦੇ ਹਾਂ 84 ਨਹੀਂ ਭੁੱਲਣੀ। Never Forget 1984.

ਇਸ ਦੇ ਨਾਲ ਹੀ ਅਸੀਂ ਅਗਲੀ ਗੱਲ ਵੀ ਕਹਿ ਜਾਂਦੇ ਹਾਂ 1984 ਨਾ ਭੁੱਲਣ ਯੋਗ ਨਾ ਬਖਸ਼ਣ ਯੋਗ। ਅਜੀਬ ਗੱਲ ਇਹ ਹੈ ਕਿ ਇਸ ਵਰਤਾਰੇ ਨੂੰ ਕਰਨ ਵਾਲੇ ਅਤੇ ਉਨ੍ਹਾਂ ਦੇ ਅੱਜ ਦੇ ਅਵਤਾਰ ਨਾ ਤਾਂ ਆਪਣਾ ਕਸੂਰ ਮੰਨਣ ਲਈ ਤਿਆਰ ਹਨ, ਭੁੱਲ ਬਖਸ਼ਾਉਣੀ ਤਾਂ ਦੂਰ ਦੀ ਗੱਲ ਹੈ। ਇੱਕ ਗੱਲ ਇਹ ਵੀ ਹੈ ਬਖਸ਼ਣਾ ਤੇ ਪਾਤਸ਼ਾਹ ਅਤੇ ਅਕਾਲ ਪੁਰਖ ਦਾ ਕੰਮ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਜਰਨੈਲਾਂ ਨੇ ਅਤੇ ਗੁਰੂ ਸਾਹਿਬਾਨ ਨੇ, ਕੱਟੜ ਵਿਰੋਧੀਆਂ ਨੂੰ ਬਖਸ਼ ਕੇ ਉਨ੍ਹਾਂ ਨਾਲ ਸਾਂਝ ਪਾਈ। ਅਸੀਂ ਬਿਲਕੁਲ ਇਹ ਨਹੀਂ ਕਹਿ ਰਹੇ ਕਿ ਅਸੀਂ ਕਿਸੇ ਨਾਲ ਸਾਂਝ ਪਾਉਣ ਲਈ ਤਿਆਰ ਹਾਂ ਪਰ ਅਸੀਂ ਅਧਿਆਤਮਕ ਤੌਰ 'ਤੇ ਆਪਣੀ ਥਾਂ ਉਚੀ ਤੇ ਸੁੱਚੀ ਰੱਖਣੀ ਹੈ।

ਹਾਲ ਹੀ ਵਿੱਚ ਸਾਡੇ ਜ਼ਖਮਾਂ 'ਤੇ ਲੂਣ ਛਿੜਕਣ ਲਈ ਪੰਜਾਬ ਵਿੱਚ ਪੈਰ ਪਸਾਰ ਰਹੀ ਇੱਕ ਭਾਰਤੀ ਕੌਮੀ ਪਾਰਟੀ ਦੇ ਸਿੱਖ ਆਗੂ ਨੇ ਜੂਨ 1984 ਦੇ ਕਤਲੇਆਮ ਤੇ ਕਈ ਸਵਾਲ ਉਠਾਏ ਪਰ ਜੇ ਕੌਮ ਇਹ ਭੁੱਲ ਜਾਏ ਕਿ ਉਸੀ ਪਾਰਟੀ ਦੇ ਆਗੂਆਂ ਨੇ ਜੂਨ 84 ਦੇ ਹਮਲੇ ਤੋਂ ਬਾਅਦ ਖੁਸ਼ੀਆਂ ਮਨਾਈਆਂ ਅਤੇ ਲੱਡੂ ਵੰਡੇ ਤਾਂ ਬਹੁਤ ਤਕਲੀਫ ਹੁੰਦੀ ਹੈ। ਚੀਸ ਪੈਂਦੀ ਹੈ। ਇਸ ਕਰਕੇ ਜੋ ਲੋਕ ਜਾਂ ਸਿਆਸੀ ਆਗੂ ਇਹ ਕਹਿੰਦੇ ਹਨ ਕਿ ਜੋ ਹੋਇਆ ਸੋ ਹੋਇਆ। ਹੁਣ ਭੁੱਲ ਜਾਉ। ਉਨ੍ਹਾਂ ਨੂੰ ਦੱਸਣਾ ਜ਼ਰੂਰੀ ਹੈ ਜੂਨ 84 ਦਾ ਘੱਲੂਘਾਰਾ ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਾਂਗ ਭੁੱਲਿਆ ਨਹੀਂ ਜਾਵੇਗਾ ਤੇ ਸ਼ਹੀਦਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ।

ਇਸ ਅੰਕ ਵਿੱਚ ਇਹ ਦੱਸਣਾ ਜਰੂਰੀ ਹੈ ਜੋ ਜੁਝਾਰੂ ਦਰਬਾਰ ਸਾਹਿਬ ਦੇ ਪਹਿਲੇ ਹਫਤੇ ਜੂਨ 1984 ਵਿੱਚ ਸ਼ਹੀਦ ਹੋਏ ਸਨ ਉਨ੍ਹਾਂ ਵਿੱਚੋਂ ਮੁੰਬਈ ਤੋਂ ਗਿਆ 10 ਸਾਲਾ ਬੱਚਾ ਵੀ ਸੀ। ਅੱਜ ਅਸੀਂ ਉਸ ਦੀ ਸ਼ਹਾਦਤ ਨੂੰ ਵੀ ਪ੍ਰਣਾਮ ਕਰਦੇ ਹਾਂ। ਇਤਿਹਾਸਕ ਖੋਜਕਾਰਾਂ ਨੇ ਸਾਨੂੰ ਇਹ ਵੀ ਦੱਸਿਆ ਹੈ ਕਿ ਗੁਰੂ ਅਰਜਨ ਪਾਤਸ਼ਾਹ ਦੇ ਸ਼ਹੀਦੀ ਦਿਹਾੜੇ 'ਤੇ ਹੋਏ ਭਾਰਤੀ ਫੌਜੀ ਹਮਲੇ ਵਿੱਚ ਜੁਝਾਰੂਆਂ ਤੋਂ ਇਲਾਵਾ ਦਰਬਾਰ ਸਾਹਿਬ ਵਿੱਚ ਗਈ ਸੰਗਤ ਨੂੰ ਵੀ ਤਸ਼ੱਦਦ ਅਤੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਉਨ੍ਹਾਂ ਵਿੱਚ 18 ਦਿਨਾਂ ਦਾ ਇੱਕ ਕਾਕਾ ਵੀ ਸੀ ਜਿਸ ਨੂੰ ਅਸੀਂ ਪ੍ਰਣਾਮ ਕਰਦੇ ਹਾਂ।

ਸਿੰਘ ਸਭਾ ਪੱਤ੍ਰਿਕਾ ਦਾ ਇਹ ਮੰਨਣਾ ਹੈ ਕਿ ਸਾਨੂੰ ਇਨ੍ਹਾਂ ਸ਼ਹਾਦਤਾਂ ਤੋਂ ਸੇਧ ਲੈਂਦੇ ਹੋਏ ਅਜੋਕੇ ਸਮੇਂ ਵਿੱਚ ਸਿੱਖ ਜੀਵਨ ਜਾਚ ਨੂੰ ਹੋਰ ਪੱਕਿਆਂ ਕਰ ਕੌਮੀ ਆਨ, ਬਾਨ ਅਤੇ ਸ਼ਾਨ ਲਈ ਨਿਤਰਨ ਦੀ ਲੋੜ ਹੈ।

**ਕੁਲਵੰਤ ਸਿੰਘ**

## ਕੀ ਇਹ ਭਾਜਪਾ ਦੀ ਚਾਲ ਤਾਂ ਨਹੀਂ?

## ਭਾਜਪਾ ਹਤੈਸ਼ੀ ਬੀਬੀ ਜਗੀਰ ਕੌਰ ਵੱਲੋਂ 'ਸ਼੍ਰੋਮਣੀ ਅਕਾਲੀ ਪੰਥ ਬੋਰਡ' ਦਾ ਐਲਾਨ

**ਸਿੰਘ ਸਭਾ ਪੱਤ੍ਰਿਕਾ ਸਟਾਫ ਰਿਪੋਰਟਰ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਢਾਈ ਦਹਾਕਿਆਂ ਦੌਰਾਨ ਆਏ ਨਿਘਾਰ ਤੇ ਪ੍ਰਬੰਧਾਂ ਵਿਚ ਆਈਆਂ ਹੋਰ ਖ਼ਾਮੀਆਂ ਦੂਰ ਕਰਨ ਤੇ ਦੇਸ਼-ਵਿਦੇਸ਼ ਵਿਚਲੀਆਂ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਤੇ ਪ੍ਰਮੁੱਖ ਸਿੱਖ ਸੰਸਥਾਵਾਂ ਨਾਲ ਤਾਲਮੇਲ ਕਰਕੇ ਸਾਂਝੀ ਪੰਥਕ ਸ਼ਕਤੀ ਉਸਾਰਨ ਦੇ ਮੰਤਵ ਨਾਲ 'ਸ਼੍ਰੋਮਣੀ ਅਕਾਲੀ ਪੰਥ ਬੋਰਡ' ਬਣਾਉਣ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਸਾਡੇ ਲੀਡਰਾਂ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਹੱਦੋਂ ਵੱਧ ਕੀਤੀ ਦਖ਼ਲ-ਅੰਦਾਜ਼ੀ ਨੇ ਸਿੱਖ ਕੌਮ ਨੂੰ ਬਹੁਤ ਸਾਰੇ ਮੌਕਿਆਂ 'ਤੇ ਸ਼ਰਮਸਾਰ ਕੀਤਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਲਿਫ਼ਾਫ਼ਾ ਕਲਚਰ ਨੇ ਸਿੱਖ ਕੌਮ ਦੇ ਪੰਚ-ਪ੍ਰਧਾਨੀ ਸਿਧਾਂਤ ਨੂੰ ਵੀ ਵੱਡੀ ਸੱਟ ਮਾਰੀ ਸੀ ਤੇ ਇਸ ਚੋਣ



**ਦੋਗਲੀ ਗਲ: ਬੀਬੀ ਜਗੀਰ ਕੌਰ ਨੇ ਕਿਹਾ ਕਿ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ'ਚ ਗੁਰਸਿੱਖਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣਗੀਆਂ ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਿਤ ਹੋਣ।**

ਦੌਰਾਨ ਇਸ ਕਲਚਰ ਨੂੰ ਖ਼ਤਮ ਕਰਨ ਦੀ ਦਲੇਰੀ ਉਨ੍ਹਾਂ ਨੂੰ ਸਿੱਖ ਕੌਮ ਨੇ ਬਖਸ਼ਿਸ਼ ਕੀਤੀ ਸੀ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ'ਚ ਗੁਰਸਿੱਖਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣਗੀਆਂ ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਿਤ ਹੋਣ।

## ਭਾਰਤ ਸਰਕਾਰ ਨੇ ਲੋਕ ਵਿਰੋਧ ਨਾ ਚਲਦਿਆਂ ਗੋਡੇ ਟੇਕੇ -ਪੰਜਾਬ ਯੂਨੀਵਰਸਿਟੀ 'ਚ ਪੰਜਾਬੀ ਵਿਸ਼ਾ ਲਾਜ਼ਮੀ ਚਲਦਾ ਰਹੇਗਾ

**ਸਿੰਘ ਸਭਾ ਪੱਤ੍ਰਿਕਾ ਸਟਾਫ ਰਿਪੋਰਟਰ**

ਪੰਜਾਬ ਯੂਨੀਵਰਸਿਟੀ ਸੈਨੇਟ ਇਕਤਰਤਾ ਵਿਚ ਵਾਈਸ ਚਾਂਸਲਰ ਪ੍ਰੋ. ਰੇਣੂ ਵਿਗ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਅਹਿਮ ਫੈਸਲਾ ਲੈਂਦਿਆਂ ਐਲਾਨ ਕੀਤਾ ਗਿਆ ਕਿ ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਚੰਡੀਗੜ੍ਹ ਤੇ ਪੰਜਾਬ ਵਿਚਲੇ ਕਾਲਜਾਂ ਵਿਚ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪਹਿਲਾਂ ਦੀ ਤਰ੍ਹਾਂ ਹੀ ਪੜ੍ਹਾਈ ਜਾਵੇਗੀ। ਦੂਸਰਾ ਅਹਿਮ ਫ਼ੈਸਲਾ ਲਿਆ ਗਿਆ ਕਿ ਨਵੀਂ ਸਿੱਖਿਆ ਨੀਤੀ 2024-25 ਸੈਸ਼ਨ ਤੋਂ ਲਾਗੂ ਹੋਵੇਗੀ ਤੇ ਇਸ ਨਾਲ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਇਸ ਸੈਸ਼ਨ ਤੋਂ ਕਾਲਜਾਂ ਵਿਚ ਦਾਖ਼ਲੇ ਕੇਂਦਰੀਕ੍ਰਿਤ ਦਾਖਲਾ ਪੋਰਟਲ ਰਾਹੀਂ ਨਹੀਂ ਹੋਣਗੇ ਤੇ ਇਸ ਸੰਬੰਧੀ ਸੈਨੇਟ ਦਾ ਫੈਸਲਾ ਸਰਕਾਰ ਤੱਕ ਪਹੁੰਚਾ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਯੂਨੀਵਰਸਿਟੀ ਵਲੋਂ 15 ਪ੍ਰਤੀਸ਼ਤ ਵਧਾਈਆਂ ਫ਼ੀਸਾਂ ਦੀ ਥਾਂ 5 ਪ੍ਰਤੀਸ਼ਤ ਫ਼ੀਸਾਂ ਵਧਾਈਆਂ ਜਾਣਗੀਆਂ।

ਡਾ. ਜਗਵੰਤ ਸਿੰਘ, ਵਰਿੰਦਰ ਗਿੱਲ ਆਦਿ ਸੈਨੇਟਰਾਂ ਨੇ ਹਰਿਆਣਾ ਵਲੋਂ ਆਪਣੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਨਾਲ ਜੋੜਨ ਬਾਰੇ ਵੀ ਪੁੱਛਿਆ, ਜਿਸ 'ਤੇ ਉਪ ਕੁਲਪਤੀ ਨੇ ਕਿਹਾ ਕਿ ਅਜੇ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ, ਕੋਈ ਫੈਸਲਾ ਨਹੀਂ ਹੋਇਆ।

## ਡਾ. ਹਰਨੂਰ ਸਿੰਘ ਪਰੂਥੀ ਨੇ ਪ੍ਰਾਪਤ ਕੀਤੀ ਰਾਇਲ ਕਾਲਜ ਆਫ਼ ਫਿਜ਼ੀਸ਼ੀਅਨਜ਼, ਲੰਡਨ ਤੋਂ ਕਾਰਡੀਓਲੋਜੀ ਦੀ ਡਿਗਰੀ

**ਸਿੰਘ ਸਭਾ ਪੱਤ੍ਰਿਕਾ ਸਟਾਫ ਰਿਪੋਰਟਰ**

ਜਲੰਧਰ: ਡਾ. ਹਰਨੂਰ ਸਿੰਘ ਪਰੂਥੀ ਨੇ ਰਾਇਲ ਕਾਲਜ ਆਫ਼ ਫਿਜ਼ੀਸ਼ੀਅਨ (ਆਰ. ਸੀ. ਪੀ.) ਲੰਡਨ ਤੋਂ ਐਫ਼. ਆਰ. ਸੀ.ਪੀ. ਕਾਰਡੀਓਲੋਜੀ ਦੀ ਡਿਗਰੀ ਪ੍ਰਾਪਤ ਕਰਕੇ ਇਕ ਹੋਰ ਵੱਡੀ ਤਰੱਕੀ ਕੀਤੀ ਹੈ। ਡਾ. ਪਰੂਥੀ ਨੇ ਦੱਸਿਆ ਕਿ ਡਾ. ਹਰਨੂਰ ਸਿੰਘ ਨੇ ਮਨੀਪਾਲ ਯੂਨੀਵਰਸਿਟੀ ਤੋਂ ਐਮ.ਬੀ.ਬੀ.ਐਸ. ਦੀ ਡਿਗਰੀ ਪ੍ਰਾਪਤ ਕਰਨ



ਉਪਰੰਤ ਸਾਲ 2015 ਦੌਰਾਨ ਲੰਡਨ ਤੋਂ ਐਮ.ਡੀ. (ਮੈਡੀਸਨ) ਦੀ ਸਿੱਖਿਆ ਪ੍ਰਾਪਤ ਕੀਤੀ। ਹੁਣ ਡਾ. ਹਰਨੂਰ ਸਿੰਘ ਦੁਨੀਆ ਭਰ ਦੇ ਉਨ੍ਹਾਂ ਮਾਹਿਰ ਡਾਕਟਰਾਂ ਦੇ ਨਾਲ ਜੁੜ ਗਏ ਹਨ, ਜੋ ਦਿਲ ਦੇ ਰੋਗਾਂ ਸਬੰਧੀ ਰੋਜ਼ਾਨਾ ਆਪਣੇ ਤਜ਼ੁਰਬੇ ਇਕ-ਦੂਸਰੇ ਨਾਲ ਸਾਂਝੇ ਕਰਦੇ ਹਨ।

## ਦਲ ਖ਼ਾਲਸਾ ਵਲੋਂ ਜੂਨ '84 ਘੱਲੂਘਾਰੇ ਨੂੰ ਸਮਰਪਿਤ ਗੁਰੂ ਨਗਰੀ ਅੰਮ੍ਰਿਤਸਰ 'ਚ ਵਿਸ਼ਾਲ ਮਾਰਚ




**ਸਿੰਘ ਸਭਾ ਪੱਤ੍ਰਿਕਾ ਰਿਪੋਰਟਰ**

ਦਲ ਖ਼ਾਲਸਾ ਦੀ ਅਗਵਾਈ ਹੇਠ ਸੈਂਕੜੇ ਸਿੱਖ ਨੌਜਵਾਨਾਂ ਵਲੋਂ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਤ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਘੱਲੂਘਾਰਾ ਯਾਦਗਾਰੀ ਮਾਰਚ ਕੱਢਿਆ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਜੂਨ 84 ਦੇ ਫੌਜੀ ਹਮਲੇ ਦੇ ਸ਼ਹੀਦਾਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ।

ਦਲ ਖਾਲਸਾ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਸਿਆਸੀ ਮਾਮਲਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਕਿਹਾ ਕਿ ਇਸ ਘੱਲੂਘਾਰਾ ਯਾਦਗਾਰੀ ਪਰੇਡ ਦਾ ਮੰਤਵ ਆਖਰੀ ਸਾਹ ਤੱਕ ਲੜਨ ਵਾਲੇ ਸਿੱਖ ਸੂਰਬੀਰਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਹੈ।

## ਕੇਂਦਰ ਸਰਕਾਰ ਨੇ ਪੰਜਾਬ ਤੇ ਪਾਇਆ ਹੋਰ ਬੋਝ -ਕਰਜ਼ਾ ਲੈਣ ਦੀ ਹੱਦ 18 ਹਜ਼ਾਰ ਕਰੋੜ ਘਟਾਈ

**ਸਿੰਘ ਸਭਾ ਪੱਤ੍ਰਿਕਾ ਸਟਾਫ ਰਿਪੋਰਟਰ**

ਕੇਂਦਰ ਸਰਕਾਰ ਨੇ ਹੁਣ ਕਰਜ਼ੇ ਦੇ ਜਾਲ 'ਚ ਫਸੇ ਪੰਜਾਬ ਨੂੰ ਇਕ ਹੋਰ ਵਿੱਤੀ ਝਟਕਾ ਦਿੱਤਾ ਹੈ। ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਦੀ ਕਰਜ਼ਾ ਲੈਣ ਦੀ ਹੱਦ ਵਿਚ 18,000 ਕਰੋੜ ਰੁਪਏ ਦੀ ਵੱਡੀ ਕਟੌਤੀ ਕਰ ਦਿੱਤੀ ਹੈ। ਪੰਜਾਬ ਦੀ ਆਪਣੇ ਕੁੱਲ ਘਰੇਲੂ ਉਤਪਾਦ ਦਾ 3 ਫ਼ੀਸਦੀ ਤੱਕ ਕਰਜ਼ਾ ਚੁੱਕਣ ਦੀ ਹੱਦ ਹੈ ਜੋ ਕਿ ਸਾਲਾਨਾ 39,000 ਕਰੋੜ ਰੁਪਏ ਬਣਦੀ ਹੈ। 18,000 ਕਰੋੜ ਦੀ ਸਾਲਾਨਾ ਕਟੌਤੀ ਦਾ ਮਤਲਬ ਹੈ ਕਿ ਹੁਣ ਪੰਜਾਬ ਸਰਕਾਰ ਸਾਲਾਨਾ 21,000 ਕਰੋੜ ਰੁਪਏ ਦਾ ਹੀ ਕਰਜ਼ਾ ਚੁੱਕ ਸਕੇਗੀ।

# ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ

## ਕ੍ਰਿਪਾਲ ਸਿੰਘ ਬਠਿੰਡਾ

12 ਮਈ, 1710 ਈ: ਨੂੰ ਚੱਪੜਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ ਅਤੇ ਸਰਹੰਦ ਫ਼ਤਹਿ ਹੋ ਗਈ। ਅਗਲੇ ਦਿਨ 13 ਮਈ, 1710 ਈ. ਨੂੰ ਸਿੱਖ ਫੌਜਾਂ ਸਰਹਿੰਦ ਵਿਚ ਦਾਖ਼ਲ ਹੋਈਆਂ। ਦੇਖਦੇ-ਦੇਖਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਵੱਸਦਾ-ਰੱਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਬੇਤਾਜ਼ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਭੀ ਹੋ ਗਈ ਸੀ। ਰਾਜ-ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਭੀ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿੱਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ: 'ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ, ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ।' ਜਿਸ ਦਾ ਅਰਥ ਹੈ: 'ਸਿੱਕਾ ਮਾਰਿਆ ਦੋ ਜਹਾਨ ਉੱਤੇ, ਬਖ਼ਸ਼ਾਂ ਬਖ਼ਸ਼ੀਆਂ ਨਾਨਕ ਦੀ ਤੇਗ਼ ਨੇ ਜੀ। ਜਿੱਤ ਦਾ ਸਿਲਸਿਲਾ ਜਾਰੀ ਰੱਖਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੁਲਾਈ 1710 ਈ. ਵਿੱਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉੱਠ ਖੜ੍ਹੇ ਹੋਏ। ਸਿੱਖ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ-ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ।

ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਤੇ ਕਈ ਹੋਰ ਸਿੰਘ; ਮੁਗ਼ਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਬੰਦਾ ਸਿੰਘ ਬਹਾਦਰ ਨੂੰ ਲਗਪਗ ੭੩੭ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।

18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ ਤੇ ਫ਼ਰੁੱਖ਼ਸ਼ੀਅਰ ਦਿੱਲੀ ਦਾ ਬਾਦਸ਼ਾਹ ਬਣਿਆ। ਫ਼ਰੁੱਖ਼ਸ਼ੀਅਰ ਇਕ ਕਮਜ਼ੋਰ ਬਾਦਸ਼ਾਹ ਸੀ। ਬਾਬਾ ਬੰਦਾ ਸਿੰਘ ਨੇ ਇਸ ਮੌਕੇ ਦਾ ਲਾਭ ਉਠਾਇਆ ਤੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਅਤੇ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ।

ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਤੇ ਕਈ ਹੋਰ ਸਿੰਘ; ਮੁਗ਼ਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਬੰਦਾ ਸਿੰਘ ਬਹਾਦਰ ਨੂੰ ਲਗਪਗ 737 ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਲਿਜਾਇਆ ਗਿਆ 5 ਮਾਰਚ, 1716 ਯੂਲੀਅਨ ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ ਤਕਰੀਬਨ 100 ਸਿੱਖ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ ਕਹਿੰਦੇ, ਖਿੜ੍ਹੇ ਚਿਹਰੇ ਨਾਲ ਸ਼ਹੀਦ ਹੁੰਦੇ ਰਹੇ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਪੌਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਉਸ ਦੇ ਪੁੱਤਰ ਦੀਆਂ ਆਂਦਰਾਂ ਕੱਢ ਕੇ ਉਨ੍ਹਾਂ ਦਾ ਹਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਗਲ ਵਿਚ ਪਾਇਆ ਗਿਆ। ਫਿਰ ਜਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭਖਦੇ ਜੰਬੂਰ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰ ਕੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਸਿੱਖਾਂ ਦਾ ਪਹਿਲਾ ਹੁਕਮਰਾਨ ਇਸ ਤਰ੍ਹਾਂ 11 ਹਾੜ ਬਿਕ੍ਰਮੀ ਸੰਮਤ 1713; 9 ਜੂਨ, 1716 ਯੂਲੀਅਨ ਨੂੰ ਸ਼ਹੀਦ ਹੋ ਗਿਆ।

ਗੋਕਲ ਚੰਦ ਨਾਰੰਗ ਅਨੁਸਾਰ, 'ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੇ ਅਜਿੱਤ ਹੋਣ ਦਾ ਭਰਮ ਤੋੜਿਆ ਤੇ ਬਾਬਾ ਬੰਦਾ ਸਿੰਘ ਨੇ ਮੁਗਲਾਂ ਨੂੰ ਪੰਜਾਬ ਦੀ ਧਰਤੀ ਤੋਂ ਮਾਰ ਮੁਕਾਇਆ।' ਉਨ੍ਹਾਂ ਨੇ ਪੰਜਾਬ ਦੇ ਵਾਹੀਕਾਰ ਕਿਸਾਨਾਂ ਨੂੰ ਭੋਇੰ ਦੇ ਮਾਲਕ ਬਣਾ ਦਿੱਤਾ। ਉਨ੍ਹਾਂ ਤੋਂ ਪਿੱਛੋਂ ਵੀ ਇਹ ਪ੍ਰਬੰਧ ਅੰਗਰੇਜ਼ਾਂ ਦੇ ਰਾਜ ਤੱਕ ਇਵੇਂ ਹੀ ਚੱਲਦਾ ਰਿਹਾ। ਉਨ੍ਹਾਂ ਨੇ ਪੰਜਾਬ ਵਿਚ ਰਾਜਨੀਤਕ ਜਾਗ੍ਰਿਤੀ ਲਿਆਉਣ ਦੇ ਨਾਲ-ਨਾਲ ਆਰਥਿਕ ਖੁਸ਼ਹਾਲੀ ਦਾ ਵੀ ਮੁੱਢ ਬੰਨ੍ਹ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ ਸੀ। ਦੂਜਿਆਂ ਦੀਆਂ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਬੇਜ਼ਮੀਨੇ ਮੁਜਾਰੇ ਤੇ ਕਿਸਾਨਾਂ ਨੂੰ ਜ਼ਿਮੀਂਦਾਰ ਤੇ ਸਿੱਖ ਸਿਰਦਾਰ ਬਣਾ ਦਿੱਤਾ ਸੀ। ਇਸ ਪੱਖੋਂ ਵੀ ਪੰਜਾਬ ਬਾਬਾ ਬੰਦਾ ਸਿੰਘ ਬਹਾਦਰ ਦੀ ਲੰਮੀ ਦ੍ਰਿਸ਼ਟੀ ਤੇ ਡੂੰਘੀ ਸੋਚ ਨਾਲ ਦਿੱਤੀ ਉਨ੍ਹਾਂ ਦੀ ਦੇਣ ਦਾ ਸਦਾ ਰਿਣੀ ਰਹੇਗਾ।

ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਆਜ਼ਾਦੀ ਦਾ ਆਨੰਦ ਮਾਣਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਲਈ ਚਾਨਣਮੁਨਾਰੇ ਦਾ ਕੰਮ ਕੀਤਾ ਤੇ ਹਮੇਸ਼ਾਂ ਲਈ ਸਿੱਖ ਕੌਮ ਅੰਦਰ ਆਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਤਕਰੀਬਨ 6 ਸਾਲ ਯਮਨਾ ਤੋਂ ਰਾਵੀ ਤੱਕ ਦੇ ਵਿਸ਼ਾਲ ਇਲਾਕੇ ਉੱਤੇ ਰਾਜ ਕੀਤਾ।



# ਦੋ ਤਲਵਾਰਾਂ ਬਧੀਆਂ ਇਕ ਮੀਰੀ ਦੀ ਇਕ ਪੀਰੀ ਦੀ, ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰੀ ਦੀ



## ਡਾ. ਹਰਚੰਦ ਸਿੰਘ ਸਰਹਿੰਦੀ

ਜਦ ਪੰਜਵੇਂ ਸਿੱਖ ਗੁਰੂ ਸ਼੍ਰੀ ਗੁਰੂ ਅਰਜੁਨ ਸਾਹਿਬ ਜੀ ਨੂੰ ਉਸ ਸਮੇਂ ਦੀ ਮੁ.ਗਲ ਹਕੂਮਤ ਵੱਲੋਂ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ ਤਾਂ ਗੁਰੂ ਜੀ ਨੇ ਆਪਣੇ ਅੰਤਲੇ ਵਕਤ ਆਪਣੇ ਸਪੁੱਤਰ ਹਰਿਗੋਬਿੰਦ ਨੂੰ ਸਿੱਖਾਂ ਦੇ ਹੱਥ ਸੁਨੇਹਾ ਭੇਜਦਿਆਂ ਕਿਹਾ ਸੀ ਕਿ ਹੁਣ ਸਿੱਖੀ ਨੂੰ ਬਚਾਉਣ ਅਤੇ ਇਸ ਦੇ ਵਿਕਾਸ ਲਈ ਧਾਰਮਿਕ ਅਤੇ ਅਧਿਆਤਮਿਕ ਕੰਮਾਂ ਦੇ ਨਾਲ-ਨਾਲ ਜ਼ੁਲਮ ਦਾ ਜ਼ੁਲਮ ਨਾਲ ਟਾਕਰਾ ਕਰਨ ਦਾ ਸਮਾਂ ਆ ਗਿਆ ਹੈ।

ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਸ ਸਮੇਂ ਗਿਆਰਾਂ ਸਾਲਾਂ ਦੇ ਸਨ। ਪਿਤਾ ਸ਼੍ਰੀ ਗੁਰੂ ਅਰਜੁਨ ਸਾਹਿਬ ਜੀ ਨੇ ਲਾਹੌਰ ਦੀ ਜੇਲ੍ਹ ਵਿੱਚੋਂ ਸੁਨੇਹਾ ਭੇਜਦਿਆਂ ਕਿਹਾ, 'ਪੁੱਤਰ ਹਰਿਗੋਬਿੰਦ! ਜ਼ੁਲਮ ਦਾ ਟਾਕਰਾ ਕਰਨ ਲਈ ਜਥਾ ਸ਼ਕਤੀ ਆਪਣੀ ਹਥਿਆਰਬੰਦ ਫ਼ੌਜ ਤਿਆਰ ਕਰੋ।'

ਫਿਰ ਜਦੋਂ 11 ਜੂਨ 1606 ਨੂੰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਸੰਭਾਲੀ ਤਾਂ ਪਿਤਾ ਦੀ ਸਿੱਖਿਆ ਉਤੇ ਅਮਲ ਕਰਦਿਆਂ ਦੋ ਤਲਵਾਰਾਂ ਮੰਗਵਾਈਆਂ ਅਤੇ ਪਹਿਨੀਆਂ। ਉਸ ਵੇਲੇ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਦੋਹਾਂ ਤਲਵਾਰਾਂ 'ਚੋਂ ਇਕ ਤਲਵਾਰ ਜ਼ਾਲਮ ਦੇ ਜ਼ੁਲਮ ਦਾ ਤਾਕਤ ਨਾਲ ਟਾਕਰਾ ਕਰਨ ਲਈ ਹੈ ਅਤੇ ਦੂਜੀ ਧਰਮ ਅਤੇ ਅਧਿਆਤਮਿਕਤਾ ਦੀ ਸੁਰੱਖਿਆ ਲਈ ਸਵੈ-ਨਿਯੰਤਰਣ ਨੂੰ ਹਮੇਸ਼ਾ ਯਾਦ ਰੱਖਣ ਲਈ ਹੈ।

ਭਾਵ ਇਕ ਤਲਵਾਰ ਦੁਨਿਆਵੀ ਸ਼ਕਤੀ ਦਾ ਚਿੰਨ੍ਹ ਹੈ ਅਤੇ ਦੂਸਰੀ ਅਧਿਆਤਮਿਕ ਸ਼ਕਤੀ ਦਾ ਚਿੰਨ੍ਹ ਹੈ। ਇਨ੍ਹਾਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ ਗਿਆ। 'ਮੀਰੀ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਅਮੀਰ' ਤੋਂ ਫਾਰਸੀ ਵਿਚ ਆਏ ਸ਼ਬਦ 'ਮੀਰ' ਤੋਂ ਲਿਆ ਗਿਆ ਹੈ। ਅਰਬੀ ਭਾਸ਼ਾ ਵਿਚ ਅਮੀਰ ਸ਼ਬਦ ਨੂੰ ਅ-ਮੀਰ ਕਰਕੇ ਬੋਲਿਆ ਜਾਂਦਾ ਹੈ ਜਿਸ ਦਾ ਮਤਲਬ ਹੈ-ਗਵਰਨਰ, ਕਮਾਂਡਰ, ਹਾਕਮ, ਮੁਖੀਆ, ਸਰਦਾਰ ਆਦਿ। ਇਹ ਸ਼ਬਦ ਦੁਨਿਆਵੀ ਤਾਕਤ ਜਾਂ ਪਦਾਰਥਕ ਤਾਕਤ ਜਾਂ ਸਿਆਸੀ ਤਾਕਤ ਨੂੰ ਪ੍ਰਗਟਾਉਂਦਾ ਹੈ।

'ਪੀਰੀ' ਸ਼ਬਦ ਧਾਰਮਿਕ ਜਾਂ ਅਧਿਆਤਮਿਕ ਆਗੂਆਂ ਲਈ ਵਰਤਿਆ ਜਾਂਦਾ ਹੈ ਜਿਵੇਂ ਚਰਚ ਦਾ ਪਾਦਰੀ, ਮਸਜਿਦ ਦਾ ਕਾਜ਼ੀ, ਕਿਸੇ ਮਜ਼ਾਰ ਦਾ ਗੱਦੀਨਸ਼ੀਨ, ਕਿਸੇ ਫਿਰਕੇ ਦਾ ਸੰਤ ਆਦਿ। ਉਂਝ ਵੇਖਿਆ ਜਾਵੇ ਤਾਂ ਇਹ ਸ਼ਬਦ ਵੀ ਇਕ ਤਰ੍ਹਾਂ ਨਾਲ ਪਦਾਰਥਕ ਜਾਂ ਸਿਆਸੀ ਸ਼ਕਤੀ ਨੂੰ ਹੀ ਜ਼ਾਹਿਰ ਕਰਦਾ ਹੈ। ਪੀਰੀ ਸ਼ਬਦ ਵੀ ਫਾਰਸੀ ਦੇ ਸ਼ਬਦ 'ਪੀਰ' ਤੋਂ ਲਿਆ ਗਿਆ ਹੈ ਜਿਸ ਦਾ ਮਤਲਬ ਹੈ-ਸੰਤ, ਪਵਿੱਤਰ ਵਿਅਕਤੀ, ਅਧਿਆਤਮਿਕ ਆਗੂ ਜਾਂ ਧਾਰਮਿਕ/ਅਧਿਆਤਮਿਕ ਸੰਸਥਾ ਦਾ ਮੁਖੀਆ। ਇੰਝ ਗੁਰੂ ਜੀ ਨੇ ਆਪਣੀਆਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ। ਸ਼੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਮੀਰੀ-ਪੀਰੀ ਦਾ ਪਹਿਲਾ ਸੰਸਥਾਨ ਹੈ।

ਜਦ ਗੁਰੂ ਜੀ ਸ਼੍ਰੀ ਹਰਿਮੰਦਰ ਸਾਹਿਬ ਵਿਚ ਜਾਂਦੇ ਸਨ ਤਾਂ ਉਹ ਇਕ ਸੰਤ ਹੁੰਦੇ ਸਨ ਅਤੇ ਜਦ ਉਹ ਸ਼੍ਰੀ ਅਕਾਲ ਤਖਤ ਦੀ ਫਸੀਲ ਉਤੇ ਬੈਠਦੇ ਸਨ ਤਾਂ ਉਹ ਇਕ ਰਾਜੇ ਵਾਂਗ ਹੁੰਦੇ ਸਨ। ਭਾਵ ਗੁਰੂ ਜੀ ਸੰਤ ਤੇ ਸਿਪਾਹੀ ਦਾ ਇਕ ਸੱਚਾ ਸੁਮੇਲ ਸਨ। ਮੀਰੀ-ਪੀਰੀ ਦਾ ਦੂਸਰਾ ਸੰਸਥਾਨ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਅਸਥਾਨ ਪਿੰਡ 'ਗੁਰੂ ਕੀ ਵਡਾਲੀ' ਸ਼੍ਰੀ ਅੰਮ੍ਰਿਤਸਰ ਸਾਹਿਬ ਵਿਚ ਹੈ ਜਿਸ ਦਾ ਨਾਂ ਹੈ ਮੀਰੀ-ਪੀਰੀ ਅਕਾਦਮੀ ਜਿਸ ਦੀ ਸਥਾਪਨਾ ਭਾਈ ਸਾਹਿਬ ਹਰਭਜਨ ਸਿੰਘ ਖ਼ਾਲਸਾ ਯੋਗੀ ਵੱਲੋਂ ਸੰਨ 1997 ਵਿਚ ਕੀਤੀ ਗਈ ਸੀ। ਇਸ ਅਕਾਦਮੀ ਦੀ ਸਿੱਖਿਆ ਨੂੰ ਕੈਂਬ੍ਰਿਜ ਯੂਨੀਵਰਸਟੀ ਦੇ ਕੌਮਾਂਤਰੀ ਇਮਤਿਹਾਨਾਂ ਵਜੋਂ ਮਾਨਤਾ ਪ੍ਰਾਪਤ ਹੈ। ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਇਸ ਦੂਰ-ਦ੍ਰਿਸ਼ਟਤਾ ਦੇ ਸਨਮਾਨ ਵਜੋਂ ਸਿੱਖ ਕੌਮ ਵੱਲੋਂ ਪਿਛਲੇ ਕਈ ਸਾਲਾਂ ਤੋਂ 21 ਜੁਲਾਈ ਦੇ ਦਿਨ ਨੂੰ 'ਮੀਰੀ-ਪੀਰੀ ਦਿਵਸ' ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ।

**11 ਜੂਨ 1606 ਨੂੰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਸੰਭਾਲੀ ਤਾਂ ਪਿਤਾ ਦੀ ਸਿੱਖਿਆ ਉਤੇ ਅਮਲ ਕਰਦਿਆਂ ਦੋ ਤਲਵਾਰਾਂ ਮੰਗਵਾਈਆਂ ਅਤੇ ਪਹਿਨੀਆਂ। ਉਸ ਵੇਲੇ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਦੋਹਾਂ ਤਲਵਾਰਾਂ 'ਚੋਂ ਇਕ ਤਲਵਾਰ ਜ਼ਾਲਮ ਦੇ ਜ਼ੁਲਮ ਦਾ ਤਾਕਤ ਨਾਲ ਟਾਕਰਾ ਕਰਨ ਲਈ ਹੈ ਅਤੇ ਦੂਜੀ ਧਰਮ ਅਤੇ ਅਧਿਆਤਮਿਕਤਾ ਦੀ ਸੁਰੱਖਿਆ ਲਈ ਸਵੈ-ਨਿਯੰਤਰਣ ਨੂੰ ਹਮੇਸ਼ਾ ਯਾਦ ਰੱਖਣ ਲਈ ਹੈ।**

# ਮਹਾਰਾਸ਼ਟਰ 'ਚ ਪਿੰਡ ਦੀ ਭੀੜ ਨੇ 3 ਸਿੱਖ ਬੱਚਿਆਂ ਨੂੰ ਕੋਹਿਆ, ਇੱਕ ਦੀ ਮੌਤ, ਸਿੱਖ ਹਿਰਦੇ ਵਲੂੰਧਰੇ ਗਏ, ਸਿੱਖ ਜੱਥੇਬੰਧਆਂ ਨੇ ਕੀਤੀ ਨਿਆਂ ਦੀ ਮੰਗ

**ਸਿੰਘ ਸਭਾ ਪੱਤ੍ਰਿਕਾ ਸਟਾਫ ਰਿਪੋਰਟਰ**



ਨਿੱਤ ਸਿੱਖਾ ਦੇ ਹਿਰਦੇ ਵਲੂੰਦਰਣ ਵਾਲੀਆਂ ਖਬਰਾਂ ਆਉਂਦੀਆਂ ਰਹਿਨਦੀਆਂ ਹਨ ਅਤੇ ਸਿੱਖ ਜਜ਼ਬਾਤਾ ਨੂੰ ਸੱਟ ਵਜਦੀ ਰਹਿੰਦੀ ਹੈ। ਹਾਲ ਹੀ ਵਿੱਚ ਮਹਾਰਾਸ਼ਟਰ ਦੇ ਪਰਭਣੀ ਜ਼ਿਲ੍ਹੇ ਦੇ ਉਖਲਦ ਪਿੰਡ ਵਿਚ ਬਕਰੀਆਂ ਚੋਰੀ ਦੇ ਸ਼ੱਕ ਕਾਰਣ ਪਿੰਡ ਦੀ ਭੀੜ ਨੇ 3 ਸਿੱਖ ਬਚਿਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਮਾਰ ਨਾ ਸਹਿੰਦੇ ਹੋਏ 14-ਸਾਲਾ ਕ੍ਰਿਪਾਲ ਸਿੰਘ ਸੁਆਸ ਤਿਆਗ ਗਿਆ। ਦੋ ਹੋਰ ਗੰਭੀਰ ਜੱਖਮੀ ਬੱਚੇ ਅਰੁਨ ਸਿੰਘ ਅਤੇ ਗੋਰਾ ਸਿੰਘ ਹਸਪਤਾਲ ਵਿੱਚ ਜੇਰੇ ਇਲਾਜ ਹਨ।

ਕਿਹਾ ਜਾਂਦਾ ਹੈ ਕਿ ਸਿਕਲੀਗਰ ਬਰਾਦਰੀ ਦੇ ਇਹ ਬੱਚੇ ਪਿੰਡ ਵਿੱਚ ਆਪਣੇ ਜਾਨਵਰ ਲੈਣ ਗਏ ਸਨ ਜਦਕਿ ਪਿੰਡ ਵਾਲਿਆਂ ਨੂੰ ਸ਼ੱਕ ਸੀ ਕਿ ਉਹ ਉਨ੍ਹਾਂ ਦੀਆਂ ਬਕਰੀਆਂ ਚੋਰੀ ਕਰਨ ਆਏ ਸਨ ਤੇ ਪਿੰਡ ਵਿੱਚ ਪਹਿਰਾ ਹੋਣ ਕਾਰਣ ਅੜਿਕੇ ਆ ਗਏ ਸਨ।

ਲੋਕਲ ਪਲਿਸ ਨੇ ਤੁਰਤ ਕਾਰਵਾਈ ਕਰਦਿਆਂ ਜੱਖਮੀ ਬਚਿਆਂ ਨੂੰ ਹਸਪਤਾਲ ਪਹੁੰਚਾਇਆ ਅਤੇ ਹੁਣ ਤਕ ਕੀਤੀ ਕਾਰਵਾਈ ਤਹਿਤ 9 ਦੋਸ਼ੀਆਂ ਵਿਚੋਂ 7 ਨੂੰ ਗਿਰਫਤਾਰ ਕਰ ਲਿਆ ਗਿਆ ਹੈ।

ਇੱਕ ਖਬਰ ਮੁਤਾਬਕ ਤਿੰਨੋਂ ਸਿੱਖ ਬੱਚੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਹੇ ਸਨ ਕਿ ਭੀੜ ਨੇ ਬੱਕਰੀ ਚੋਰ ਸਮਝ ਕੇ 3 ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਪੁਲਿਸ ਨੇ ਤਪਤੀਸ਼ ਵਿੱਚ ਕਿਹਾ ਹੈ ਕਿ ਮੋਟਰਸਾਈਕਲ ਵੀ ਚੋਰੀ ਕੀਤੀ ਹੋਈ ਸੀ।

**ਪੰਥਕ ਜੱਥੇਬੰਦੀਆਂ ਵਲੋਂ ਨਿਖੇਧੀ**

ਤਖਤ ਹਜ਼ੂਰ ਸਾਹਿਬ ਦੇ ਪ੍ਰਬੰਧਕ ਡਾ. ਪਰਵਿੰਦਰ ਸਿੰਘ ਪਸਰੀਚਾ ਨੇ ਨਾਂਦੇਡ ਦੇ ਨਾਲ ਲਗਦੇ ਜ਼ਿਲੇ ਪਰਭਨੀ ਵਿੱਚ ਹੋਏ ਇਸ ਹਾਦਸੇ ਦੀ ਨਿਖੇਧੀ ਕੀਤੀ ਅਤੇ ਤਖਤ ਸਾਹਿਬ ਵਲੋਂ ਜੇਰੇ ਇਲਾਜ ਬਚਿਆਂ ਦਾ ਖਿਆਲ ਰਖਿਆ ਜਾ ਰਿਹਾ ਹੈ। ਸਚਖੰਡ ਬੋਰਡ ਦੇ ਇਕ ਵਫਦ ਨੇ ਪਿੰਡ ਵਿੱਚ ਜਾ ਕੇ ਹਾਲਾਤ ਦਾ ਜਾਇਜ਼ਾ ਲਿਆ ਐ ਪਰਬਣੀ ਜ਼ਿਲ੍ਹੇ ਦੇ ਡੀ.ਸੀ. ਤੇ ਆਈ.ਜੀ. ਨੂੰ ਮਾਮਲੇ 'ਚ ਕਾਰਵਾਈ ਲਈ ਮੰਗ ਪੱਤਰ ਸੌਂਪਿਆ।





ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਦਰਦਨਾਕ ਕਾਂਡ ਦੀ ਭਰਪੂਰ ਨਿਖੇਧੀ ਕਰਦੇ ਹੋਏ ਆਪਣੀ ਪਾਰਟੀ ਦੀ ਮਹਾਰਾਸ਼ਟਰ ਇਕਾਈ ਨੂੰ ਹਿਦਾਇਤ ਕੀਤੀ ਹੈ ਕਿ ਉਹ ਪੀੜਤ ਸਿੱਖ ਪਰਿਵਾਰਾਂ ਨੂੰ ਲੋੜੀਂਦੀ ਹਰ ਸਹਾਇਤਾ ਦਿੱਤੀ ਜਾਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਫ਼ਿਰਕੂ ਸਦਭਾਵਨਾ ਕਾਇਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪੀੜਤਾਂ ਦੇ ਪਰਿਵਾਰਾਂ ਵਿਚੋਂ ਇਕ-ਇਕ ਯੋਗ ਜੀਅ ਨੂੰ ਸਰਕਾਰੀ ਨੌਕਰੀ ਅਤੇ ਐਕਸ ਗ੍ਰੇਸ਼ੀਆ ਗਰਾਂਟ ਦੇਣ।

ਬਾਦਲ ਨੇ ਗੁਰਿੰਦਰ ਸਿੰਘ ਬਾਜਵਾ ਦੀ ਡਿਊਟੀ ਲਗਾਈ ਕਿ ਉਹ ਪ੍ਰਭਾਵਤ ਪਰਿਵਾਰਾਂ ਨੂੰ ਨਿੱਜੀ ਤੌਰ 'ਤੇ ਜਾ ਕੇ ਮਿਲਣ ਅਤੇ ਪੀੜਤ ਕ੍ਰਿਪਾਲ ਸਿੰਘ ਦੇ ਪਰਿਵਾਰ ਨੂੰ ਦੋ ਲੱਖ ਰੁਪਏ ਅਤੇ ਜ਼ਖ਼ਮੀ ਅਰੁਣ ਸਿੰਘ ਤਾਕ ਤੇ ਗੋਰਾ ਸਿੰਘ ਢੁਡਾਨੀ ਦੇ ਪਰਿਵਾਰ ਨੂੰ ਇਕ-ਇਕ ਲੱਖ ਰੁਪਏ ਦੀ ਸਹਾਇਤਾ ਦੇਣ।

ਮੱਧ ਪ੍ਰਦੇਸ਼-ਛੱਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤੇ ਸੱਚਖੰਡ ਬੋਰਡ ਦੇ ਮੈਂਬਰ ਹਰਪਾਲ ਸਿੰਘ ਭਾਟੀਆ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਇੰਦੌਰ ਯੂਨਿਟ ਦੀ ਪ੍ਰਧਾਨ ਬੀਬੀ ਦਲਜੀਤ ਕੌਰ ਬਿੰਦਰਾ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ। ਚੀਫ ਖਾਲਸਾ ਦਿਵਾਨ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆਂ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਇਸ ਘਟਨਾ ਨੇ ਸਿੱਖ ਮਾਨਸਿਕਤਾ ਨੂੰ ਗਹਿਰੀ ਸੱਟ ਮਾਰੀ ਹੈ ਅਤੇ ਪੂਰੇ ਸਿੱਖ ਜਗਤ ਅੰਦਰ ਰੋਸ ਦੀ ਲਹਿਰ ਹੈ।

## Singh Sabha demands justice and compensation for victim families in Maharashtra's Sikh Child Assault Case

In a distressing incident that has sent shockwaves across the Sikh community, a Sikh child named Kirpal Singh was mercilessly beaten to death, while two others, Arund Singh and Gora Singh, were subjected to brutal public torture in Maharashtra's Parbhani district.

Sri Guru Singh Sabha Mumbai Dadar, through a communique to Maharashtra CM Eknath Shinde has sought a thorough investigation into the incident, expressing deep concern over the recurring attacks on Sikligar Sikhs.

The Sikh apex body of Mumbai has called for the strictest action against the perpetrators, emphasizing the importance of providing justice to the victims' families, exemplary compensation, and ensuring the safety of



marginalized communities.

It should be emphasized that the malicious efforts by a section of the right wing media to give a communal colour to the incident has been thwarted by the local police through timely intervention and effective use of social media.

# ਜੰਦਰੇ

ਰਾਜਕੁਮਾਰ ਸ਼ਰਮਾ



ਸਾਲ 1978 ਤੋਂ ਜਦੋਂ ਦਾ ਚੰਡੀਗੜ੍ਹ ਆਇਆਂ, ਪਿੰਡ ਦਾ ਚੱਕਰ ਤਿੰਨ-ਚਾਰ ਮਹੀਨਿਆਂ ਦੇ ਵਕਫ਼ੇ ਬਾਅਦ ਲਗਾਤਾਰ ਲੱਗਦਾ ਰਹਿੰਦਾ ਹੈ। ਜਦੋਂ ਵੀ ਪਿੰਡ ਜਾਂਦਾ ਤਾਂ ਆਪਣੇ ਹਾਣੀਆਂ, ਹੋਰ ਸਨੇਹੀਆਂ ਅਤੇ ਰਿਸ਼ਤੇਦਾਰਾਂ ਨਾਲ ਮਿਲ ਕੇ ਜੋ ਖ਼ੁਸ਼ੀ ਹਾਸਲ ਹੁੰਦੀ, ਉਸ ਦਾ ਕੋਈ ਮੁੱਲ ਨਹੀਂ। ਪਹਿਲਾਂ-ਪਹਿਲ ਬੱਸ 'ਤੇ ਪਿੰਡ ਜਾਈਦਾ ਸੀ, ਫਿਰ ਹੌਲੀ ਹੌਲੀ ਸਿਲਸਿਲਾ ਬੱਸ ਤੋਂ ਕਾਰ ਰਾਹੀਂ ਜਾਣ ਦਾ ਬਣ ਗਿਆ। ਜਦੋਂ ਵੀ ਜੀਅ ਕਰਦਾ ਜਾਂ ਮਨ ਕਿਸੇ ਕਾਰਨ ਉਦਾਸ ਹੁੰਦਾ ਜਾਂ ਸ਼ਹਿਰ ਦੇ ਰੌਲੇ-ਰੱਪੇ ਤੋਂ ਬਚਣ ਲਈ ਪਿੰਡ ਜਾ ਵੜਦਾ। ਸ਼ਾਇਦ ਇਸੇ ਕਰ ਕੇ ਲੱਖ ਰੁਝੇਵਿਆਂ ਦੇ ਬਾਵਜੂਦ, ਚਾਹ ਕੇ ਵੀ ਪਿੰਡ ਨਾਲੋਂ ਨਾਤਾ ਨਹੀਂ ਤੋੜ ਸਕਿਆ।

ਪਹਿਲਾਂ ਜਦੋਂ ਪਿੰਡ ਜਾਈਦਾ ਸੀ ਤਾਂ ਸਾਰੇ ਦੋਸਤਾਂ ਨਾਲ ਖ਼ੂਬ ਹਾਸਾ-ਠੱਠਾ ਚੱਲਦਾ। ਬਾਕੀ ਸਮਾਂ ਆਪਣੇ ਰਿਸ਼ਤੇਦਾਰਾਂ ਨਾਲ ਮਿਲ ਬੈਠ ਕੇ ਗੱਲਾਂਬਾਤਾਂ ਕਰ ਕੇ ਬੀਤਦਾ। ਦਿਲ ਨੂੰ ਸਕੂਨ ਮਿਲਦਾ।... ਹੌਲੀ ਹੌਲੀ ਨਾਲ ਦੇ ਕੁਝ ਸਾਥੀ ਵਿਦੇਸ਼ਾਂ ਵਿਚ ਤੇ ਕੁਝ ਕਪੂਰਥਲਾ, ਜਲੰਧਰ ਤੇ ਦੂਜੇ ਸ਼ਹਿਰਾਂ ਵਿਚ ਜਾ ਵਸੇ। ਸਭ ਤੋਂ ਪਹਿਲਾਂ ਇਕ ਦੋਸਤ ਕੈਨੇਡਾ ਗਿਆ ਪਰ ਬਾਕੀ ਦੋਸਤਾਂ ਨਾਲ ਹਾਸਾ-ਠੱਠਾ ਉਸੇ ਤਰ੍ਹਾਂ ਬਰਕਰਾਰ ਰਿਹਾ। ਫਿਰ ਵਾਰੀ ਵਾਰੀ ਹੋਰ ਕਈ ਦੋਸਤ ਵੀ ਵੱਖ ਵੱਖ ਮੁਲਕਾਂ ਵਿਚ ਚਲੇ ਗਏ ਅਤੇ ਹੌਲੀ ਹੌਲੀ ਉਥੋਂ ਦੇ ਹੀ ਹੋ ਕੇ ਰਹਿ ਗਏ।

ਇਸ ਤੋਂ ਬਾਅਦ ਪਿੰਡ ਦੇ ਗੇੜੇ ਦਾ ਸਵਾਦ ਕੁਝ ਹੋਰ ਢੰਗ-ਤਰੀਕੇ ਦਾ ਹੋ ਗਿਆ। ਜਦੋਂ ਵੀ ਪਿੰਡ ਜਾਣਾ, ਦੋਸਤਾਂ ਦੇ ਘਰਦਿਆਂ ਨੂੰ ਮਿਲ ਕੇ ਸੁੱਖ-ਸਾਂਦ ਪੁੱਛ ਲੈਣਾ ਅਤੇ ਦਿਲ ਨੂੰ ਤਸੱਲੀ ਦੇ ਛੱਡਣੀ। ਜਿੰਨੇ ਵੀ ਦੋਸਤ ਬਾਹਰ ਗਏ, ਉਥੇ ਉਨ੍ਹਾਂ ਰੱਜ ਕੇ ਕਮਾਈਆਂ ਕੀਤੀਆਂ ਤੇ ਪਿੰਡ ਵਿਚ ਸ਼ਹਿਰਾਂ ਨੂੰ ਵੀ ਮਾਤ ਪਾਉਂਦੀਆਂ ਵੱਡੀਆਂ ਕੋਠੀਆਂ ਪਾ ਲਈਆਂ। ਬਾਅਦ ਵਿਚ ਉਨ੍ਹਾਂ ਦੇ ਮਾਂ-ਬਾਪ, ਭੈਣ-ਭਰਾ... ਚੱਲ ਸੋ ਚੱਲ... ਇਕ ਇਕ ਕਰ ਕੇ ਵਿਦੇਸ਼ ਚਲੇ ਗਏ ਤੇ ਕੋਠੀਆਂ ਵਿਚ ਰਹਿ ਗਏ ਪਰਵਾਸੀ!

ਮੇਰੇ ਚਾਚੇ-ਤਾਏ ਅਤੇ ਉਨ੍ਹਾਂ ਦੇ ਬੱਚੇ ਵੀ ਪਿੰਡ ਵਿਚ ਹੀ ਰਹਿੰਦੇ ਸਨ। ਹੁਣ ਉਨ੍ਹਾਂ ਨੇ ਵੀ ਬਾਹਰ ਉਡਾਰੀ ਮਾਰਨੀ ਸ਼ੁਰੂ ਕਰ ਦਿੱਤੀ ਹੈ। ਛੋਟਾ ਚਾਚਾ ਕਪੂਰਥਲੇ ਕੋਠੀ ਪਾ ਕੇ ਉਥੇ ਰਹਿਣ ਲੱਗ ਪਿਆ। ਵੱਡਾ ਚਾਚਾ ਪਹਿਲਾਂ ਹੀ ਵਿਦੇਸ਼ ਜਾ ਵੱਸਿਆ ਸੀ। ਹੁਣ ਜਦੋਂ ਵੀ ਮੈਂ ਪਿੰਡ ਜਾਂਦਾ ਤਾਂ ਪਤਾ ਲੱਗਦਾ ਕਿ ਕੋਈ ਨਾ ਕੋਈ ਰਿਸ਼ਤੇਦਾਰ ਵਿਦੇਸ਼ ਜਾ ਵੱਸਿਆ ਹੈ।

ਸਾਡੇ ਸਾਹਮਣੇ ਸ਼ਰੀਕਾਂ ਦਾ ਘਰ ਸੀ। ਬਚਪਨ ਵਿਚ ਉਨ੍ਹਾਂ ਨਾਲ ਵਿੰਗ-ਟੇਢ ਹੋਣ ਕਰ ਕੇ ਮੈਂ ਕਦੇ ਵੀ ਉਨ੍ਹਾਂ ਨਾਲ ਸਿੱਧੇ ਮੂੰਹ ਗੱਲ ਨਹੀਂ ਸੀ ਕੀਤੀ। ਜਦੋਂ ਕਦੇ ਉਹ ਸ਼ਹਿਰ ਜਾਂ ਰਿਸ਼ਤੇਦਾਰੀ ਵਿਚ ਜਾਂਦੇ ਤਾਂ ਉਨ੍ਹਾਂ ਦੇ ਘਰ ਜੰਦਰਾ ਲੱਗਾ ਦੇਖ ਕੇ ਹੈਰਾਨੀ ਨਾ ਹੁੰਦੀ ਸਗੋਂ ਤਸੱਲੀ ਜਿਹੀ ਹੁੰਦੀ ਕਿ ਚਲੋ ਅੱਜ ਉਹ ਮੱਥੇ ਨਹੀਂ ਲੱਗਣਗੇ।

ਐਤਕੀਂ ਪਿੰਡ ਗਿਆ ਤਾਂ ਚਾਚਾ-ਚਾਚੀ ਕਿਸੇ ਕੰਮ ਬੀਕਾਨੇਰ ਗਏ ਹੋਏ ਸਨ। ਉਨ੍ਹਾਂ ਪਿੰਡ ਵਿਚ ਇਕ ਬੈਂਕ ਮੈਨੇਜਰ ਨੂੰ ਆਪਣੇ ਘਰ ਰਹਿਣ ਲਈ ਟਿਕਾਣਾ ਦਿੱਤਾ ਹੋਇਆ ਸੀ। ਅਸੀਂ ਲੇਟ ਹੋ ਗਏ ਸਾਂ। ਡੂੰਘੀ ਰਾਤ ਆਪਣੇ ਪਰਿਵਾਰ ਸਮੇਤ ਜਦੋਂ ਪਿੰਡ ਪਹੁੰਚਿਆ ਤਾਂ ਮੈਨੇਜਰ ਨੇ ਦਰਵਾਜ਼ਾ ਖੋਲ੍ਹਿਆ। ਖ਼ੈਰ! ਰਾਤ ਨੂੰ ਜਲਦੀ ਹੀ ਅਸੀਂ ਸੌਂ ਗਏ। ਸਵੇਰੇ ਅੱਖ ਖੁੱਲ੍ਹੀ ਤਾਂ ਆਦਤ ਅਨੁਸਾਰ ਪਿੰਡ ਦਾ ਗੇੜਾ ਲਾ ਕੇ ਵਾਪਸ ਘਰ ਪਰਤ ਰਿਹਾ ਸੀ ਤਾਂ ਸਭ ਤੋਂ ਪਹਿਲਾਂ ਮੇਰੀ ਨਜ਼ਰ ਜਿਸ ਘਰ 'ਤੇ ਗਈ, ਉਥੇ ਜੰਦਰਾ ਲੱਗਾ ਹੋਇਆ ਸੀ। ਉਸ ਤੋਂ ਬਾਅਦ ਦੇਖਿਆ- ਦੂਜੇ, ਤੀਜੇ... ਤੇ ਹੋਰਾਂ ਮਕਾਨਾਂ 'ਤੇ ਜੰਦਰੇ ਲੱਗੇ ਹੋਏ ਹਨ। ਆਪਣੇ ਪੁਰਾਣੇ ਘਰ ਗਿਆ ਤਾਂ ਦੇਖਿਆ, ਉਥੇ ਪਰਵਾਸੀ ਮਜ਼ਦੂਰ ਰਹਿ ਰਹੇ ਸਨ। ਵਾਪਸੀ ਵੇਲੇ ਆਪਣੀ ਮਾਸੀ ਜੋ ਤਾਈ ਵੀ ਲੱਗਦੀ ਸੀ, ਦਾ ਘਰ ਦੇਖਿਆ ਤਾਂ ਉਥੇ ਜੰਦਰਾ! ਦਿਲ ਅੰਦਰੋਂ ਤਿੱਖੀ ਟੀਸ ਜਿਹੀ ਉੱਠੀ। ਥੋੜ੍ਹਾ ਸਮਾਂ ਪਹਿਲਾਂ ਹੀ ਮਾਸੀ ਦਾ ਪੁੱਤ ਜਹਾਨੋਂ ਕੂਚ ਕਰ ਗਿਆ ਸੀ। ਹੁਣ ਸ਼ਾਇਦ ਉਸ ਦੀ ਪਤਨੀ ਆਪਣੇ ਪੇਕੇ ਚਲੀ ਗਈ ਸੀ।

ਅੱਗੇ ਗਿਆ ਤਾਂ ਦੇਖਿਆ, ਸਰੀਕਾਂ ਦੇ ਘਰ ਵੀ ਜੰਦਰਾ ਵੱਜਿਆ ਹੋਇਆ ਹੈ। ਇਸ ਵਾਰ ਦਿਲ ਨੂੰ ਧੂਹ ਜਿਹੀ ਪਈ ਅਤੇ ਬੜਾ ਕੁਝ ਸੋਚਣ ਲਈ ਮਜਬੂਰ ਹੋ ਗਿਆ। ਜਦੋਂ ਉਨ੍ਹਾਂ ਬਾਰੇ ਪੁੱਛਿਆ ਤਾਂ ਗੁਆਂਢੀਆਂ ਨੇ ਦੱਸਿਆ ਕਿ ਇਨ੍ਹਾਂ ਦੇ ਦੋ ਬੱਚੇ ਤਾਂ ਬਾਹਰ, ਵਿਦੇਸ਼ ਚਲੇ ਗਏ ਹਨ ਤੇ ਤੀਜਾ ਜਿਹੜਾ ਇਥੇ ਰਹਿੰਦਾ ਸੀ, ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਲੈ ਕੇ ਚੰਡੀਗੜ੍ਹ ਜਾ ਵੱਸਿਆ ਹੈ।

ਪਿੰਡ ਵਿਚ ਇੰਨੇ ਘਰਾਂ ਨੂੰ ਜੰਦਰੇ ਲੱਗੇ ਦੇਖ ਚੁਫੇਰਿਓਂ ਉਦਾਸੀ ਦੇ ਘੇਰਾ ਪਾ ਲਿਆ। ਮੈਂ ਸੋਚਾਂ ਕਿ ਆਉਣ ਵਾਲੇ ਸਮੇਂ ਵਿਚ ਮੇਰੇ ਲਈ ਵੀ ਇਸ ਪਿੰਡ ਨੂੰ ਵੀ ਜੰਦਰਾ ਲੱਗ ਸਕਦਾ ਹੈ!... ਇੰਨੇ ਨੂੰ ਮੈਨੇਜਰ ਆ ਗਿਆ। ਮੈਨੂੰ ਉਦਾਸ ਜਿਹਾ ਦੇਖ ਕੇ ਕਹਿਣ ਲੱਗਾ, "ਕਾਕਾ ਕੀ ਗੱਲ ਹੋ ਗਈ?"

ਮੈਥੋਂ ਬੱਸ ਇੰਨਾ ਹੀ ਕਹਿ ਹੋਇਆ ਕਿ ਆਹ ਜੰਦਰੇ ਅੰਦਰੋ-ਅੰਦਰੀ ਧੂਹ ਪਾ ਰਹੇ ਹਨ। ਉਹ ਝੱਟ ਸਮਝ ਗਏ ਤੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਆਖਣ ਲੱਗੇ, "ਪੁੱਤਰਾ! ਢਿੱਡ ਦੀ ਅੱਗ ਨੂੰ ਝੁਲਕਾ ਦੇਣ ਲਈ ਇਹ ਬੰਦੇ ਨੂੰ ਕਿਤੇ ਵੀ ਟਿਕਣ ਨਹੀਂ ਦਿੰਦੇ। ਜੇ ਸਾਡੀਆਂ ਸਰਕਾਰਾਂ ਨੌਜਵਾਨਾਂ ਨੂੰ ਕੰਮ-ਧੰਦਾ ਮੁਹੱਈਆ ਕਰਵਾਉਣ ਤਾਂ ਇਹ ਜੰਦਰੇ ਨਜ਼ਰ ਨਾ ਆਉਣ।"

**ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ**

**ਸਵੇਰੇ ਅੱਖ ਖੁੱਲ੍ਹੀ ਤਾਂ ਆਦਤ ਅਨੁਸਾਰ ਪਿੰਡ ਦਾ ਗੇੜਾ ਲਾ ਕੇ ਵਾਪਸ ਘਰ ਪਰਤ ਰਿਹਾ ਸੀ ਤਾਂ ਸਭ ਤੋਂ ਪਹਿਲਾਂ ਮੇਰੀ ਨਜ਼ਰ ਜਿਸ ਘਰ 'ਤੇ ਗਈ, ਉਥੇ ਜੰਦਰਾ ਲੱਗਾ ਹੋਇਆ ਸੀ। ਉਸ ਤੋਂ ਬਾਅਦ ਦੇਖਿਆ- ਦੂਜੇ, ਤੀਜੇ... ਤੇ ਹੋਰਾਂ ਮਕਾਨਾਂ 'ਤੇ ਜੰਦਰੇ ਲੱਗੇ ਹੋਏ ਹਨ। ਆਪਣੇ ਪੁਰਾਣੇ ਘਰ ਗਿਆ ਤਾਂ ਦੇਖਿਆ, ਉਥੇ ਪਰਵਾਸੀ ਮਜ਼ਦੂਰ ਰਹਿ ਰਹੇ ਸਨ। ਵਾਪਸੀ ਵੇਲੇ ਆਪਣੀ ਮਾਸੀ ਜੋ ਤਾਈ ਵੀ ਲੱਗਦੀ ਸੀ, ਦਾ ਘਰ ਦੇਖਿਆ ਤਾਂ ਉਥੇ ਜੰਦਰਾ! ਦਿਲ ਅੰਦਰੋਂ ਤਿੱਖੀ ਟੀਸ ਜਿਹੀ ਉੱਠੀ।**

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਹੋਣ ਦੀ ਸੰਭਾਵਨਾ ਬਣੀ

### ਸਿੰਘ ਸਭਾ ਪੱਤ੍ਰਿਕਾ ਰਿਪੋਰਟਰ

ਕੇਂਦਰ ਸਰਕਾਰ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਚੋਣ ਪ੍ਰਕਿਰਿਆ ਸ਼ੁਰੂ ਕਰਨ ਸੰਬੰਧੀ ਹਰੀ ਝੰਡੀ ਦੇ ਦਿੱਤੀ ਗਈ ਹੈ, ਜਿਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਦਾ ਅਮਲ ਸ਼ੁਰੂ ਹੋ ਗਿਆ ਹੈ, ਜਿਸ ਤਹਿਤ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐਸ.ਐਸ. ਸਾਰੋਂ (ਰਿਟਾ.) ਵਲੋਂ ਪੰਜਾਬ ਦੇ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਤੇ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰਕੇ ਆਦੇਸ਼ ਦਿੱਤੇ ਗਏ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਦਾ ਕੰਮ ਆਰੰਭ ਕਰਵਾਇਆ ਜਾਵੇ।

ਪੱਤਰ ਵਿਚ ਕਿਹਾ ਗਿਆ ਕਿ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ-48 ਅਨੁਸਾਰ ਵੋਟਰ ਸੂਚੀਆਂ ਤਿਆਰ ਕੀਤੀਆਂ ਜਾਣੀਆਂ ਹਨ। ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਵਾਲਾ ਵੋਟਰ 21 ਸਾਲ ਦੀ ਉਮਰ ਤੋਂ ਵੱਧ ਦਾ ਹੋਣਾ ਚਾਹੀਦਾ ਹੈ ਤੇ ਉਹ ਦਾੜੀ ਜਾਂ ਕੇਸ ਨਾ ਕੱਟਦਾ ਹੋਵੇ ਅਤੇ ਨਾ ਹੀ ਸ਼ਰਾਬ ਤੇ ਤੰਬਾਕੂ ਦਾ ਸੇਵਨ ਕਰਦਾ ਹੋਵੇ।

ਜ਼ਿਕਰਯੋਗ ਹੈ ਕਿ ਸਮੇਂ-ਸਮੇਂ 'ਤੇ ਵੱਖ-ਵੱਖ ਪੰਥਕ ਧਿਰਾਂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ



ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਆਵਾਜ਼ ਚੁੱਕੀ ਜਾਂਦੀ ਰਹੀ ਹੈ ਤੇ ਹੁਣ ਜਾਰੀ ਹੋਏ ਇਸ ਤਾਜ਼ਾ ਪੱਤਰ ਤੋਂ ਬਾਅਦ ਵੱਖ-ਵੱਖ ਧਿਰਾਂ ਵਲੋਂ ਚੋਣਾਂ ਲਈ ਤਿਆਰੀਆਂ ਖਿੱਚੀਆਂ ਜਾਣੀਆਂ ਤੈਅ ਹਨ।

ਸ਼੍ਰੋਮਣੀ ਕਮੇਟੀ ਦਾ ਚੋਣ ਖੇਤਰ 120 ਹਲਕਿਆਂ ਤੱਕ ਫੈਲਿਆ ਹੋਇਆ ਹੈ, ਜਿਸ ਵਿਚ 50 ਦੋਹਰੇ ਹਲਕੇ ਸ਼ਾਮਿਲ ਹਨ। ਇਨ੍ਹਾਂ ਹਲਕਿਆਂ ਵਿਚੋਂ 170 ਮੈਂਬਰ ਚੁਣੇ ਜਾਂਦੇ ਹਨ, ਜਿਸ ਵਿਚ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦਾ ਵੀ ਇਕ-ਇਕ ਮੈਂਬਰ ਸ਼ਾਮਿਲ ਹੈ। ਇਸ ਤੋਂ ਇਲਾਵਾ 15 ਮੈਂਬਰਾਂ ਦੀ ਨਾਮਜ਼ਦਗੀ ਕੀਤੀ ਜਾਂਦੀ ਹੈ। ਜ਼ਿਕਰਯੋਗ ਇਹ ਵੀ ਹੈ ਕਿ ਇਸ ਵਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਉਣ ਨਾਲ ਹਰਿਆਣਾ ਰਾਜ ਦੇ 8 ਹਲਕਿਆਂ ਦਾ ਚੋਣ ਖੇਤਰ ਵੀ ਇਸ ਵਿਚੋਂ ਮਨਫ਼ੀ ਹੋਣਾ ਲਗਪਗ ਤੈਅ ਹੈ।

## ਬਾਰਵ੍ਹੀ ਜਮਾਤ ਸਰਦੂਲਗੜ੍ਹ ਦੀ ਸੁਜਾਨ ਕੌਰ 100 ਫੀਸਦੀ ਅੰਕ ਲੈ ਕੇ ਅੱਵਲ

### ਸਿੰਘ ਸਭਾ ਪੱਤ੍ਰਿਕਾ ਰਿਪੋਰਟਰ

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਬਾਰ੍ਹਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਹੈ ਜਿਸ ਵਿੱਚ ਕੁੜੀਆਂ ਨੇ ਬਾਜ਼ੀ ਮਾਰੀ ਅਤੇ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਕੇ ਲੜਕਿਆਂ ਨੂੰ ਪਿੱਛੇ ਛੱਡ ਦਿੱਤਾ। ਸਿੱਖਿਆ ਬੋਰਡ ਵੱਲੋਂ ਜਾਰੀ ਮੈਰਿਟ ਸੂਚੀ ਮੁਤਾਬਕ ਦਸਮੇਸ਼ ਕਾਨਵੈਂਟ ਸੀਨੀਅਰ ਸੈਕੰਡਰੀ



ਸਕੂਲ ਸਰਦੂਲਗੜ੍ਹ (ਮਾਨਸਾ) ਦੀ ਸੁਜਾਨ ਕੌਰ ਪੁੱਤਰੀ ਨਿਰਮਲ ਸਿੰਘ ਨੇ 100 ਫੀਸਦੀ (500/500) ਅੰਕ ਲੈ ਕੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

## ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਉਰਦੂ ਦੀ ਮੁਫ਼ਤ ਤਾਲੀਮ ਦੇਣੀ ਕੀਤੀ ਬੰਦ

### ਸਿੰਘ ਸਭਾ ਪੱਤ੍ਰਿਕਾ ਰਿਪੋਰਟਰ

ਭਾਸ਼ਾ ਵਿਭਾਗ ਤੋਂ ਉਰਦੂ ਆਮੋਜ਼ ਕਲਾਸਾਂ ਲਗਾਉਣ ਵਾਲਿਆਂ ਕੋਲੋਂ 1000 ਰੁਪਏ ਫ਼ੀਸ ਵਸੂਲਣ ਦਾ ਫ਼ੈਸਲਾ ਲਿਆ ਗਿਆ ਹੈ। 1 ਜੁਲਾਈ ਤੋਂ ਸ਼ੁਰੂ ਹੋਣ ਵਾਲੀਆਂ ਕਲਾਸਾਂ ਲਗਾਉਣ ਤੋਂ ਪਹਿਲਾਂ ਇਹ ਫ਼ੀਸ ਅਦਾ ਕਰਨੀ ਪਵੇਗੀ। ਵਿਭਾਗ ਵਲੋਂ ਸਾਲਾਂ ਤੋਂ ਆਪਣੇ ਜ਼ਿਲ੍ਹਾ ਪੱਧਰੀ ਦਫ਼ਤਰਾਂ ਵਿਚ ਉਰਦੂ ਆਮੋਜ਼ ਕਲਾਸਾਂ ਲਗਾ ਕੇ ਮੁਫ਼ਤ ਉਰਦੂ ਦੀ ਤਾਲੀਮ ਹਾਸਲ ਕਰਵਾਈ ਕਰਵਾਈ ਜਾਂਦੀ ਹੈ।

6 ਮਹੀਨੇ ਦਾ ਇਸ ਕੋਰਸ ਦੀਆਂ ਜਮਾਤਾਂ ਦਫ਼ਤਰੀ ਸਮੇ ਤੋਂ ਪਹਿਲਾਂ ਜਾਂ ਬਾਅਦ 'ਚ ਲਗਾਈਆਂ ਜਾਂਦੀਆਂ ਹਨ, ਜਿਸ ਦਾ ਲਾਭ ਸਰਕਾਰੀ ਦਫ਼ਤਰਾਂ ਦੇ ਮੁਲਾਜ਼ਮ ਖ਼ਾਸ ਕਰਕੇ ਮਾਲ ਵਿਭਾਗ ਅਤੇ ਸਾਹਿਤ ਨਾਲ ਜੁੜੇ ਲੋਕਾਂ ਨੂੰ ਮਿਲਦਾ ਆ ਰਿਹਾ ਹੈ। ਦੱਸਿਆ ਜਾਂਦਾ ਹੈ 6 ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਇਹ ਕੋਰਸ ਸਰਕਾਰੀ ਤੌਰ ਤੇ ਮੁਫ਼ਤ ਕਰਵਾਇਆ ਜਾ ਰਿਹਾ ਸੀ।

## ਸੁਰਖੀਆਂ

ਭਗਵੰਤ ਮਾਨ ਨੇ ਜੇਲ੍ਹ 'ਚ ਬੰਦ ਆਪ ਆਗੂ ਜ਼ਿਲ੍ਹਾ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਕਮਿੱਕਰ ਸਿੰਘ ਡਾਢੀ ਨੂੰ ਦਿੱਤੀ ਮਾਰਕੀਟ ਕਮੇਟੀ ਦੀ ਚੇਅਰਮੈਨੀ

ਅਜੀਤ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਵਿਜੀਲੈਂਸ ਵਲੋਂ ਸਦਾ, ਅਦਾਲਤ ਵਲੋਂ ਕਾਰਵਾਈ ਤੇ ਰੋਕ

ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਨੂੰ ਕੀਤਾ ਬੇਨਕਾਬ ਗੰਗ ਨਹਿਰ 'ਚੋਂ ਰਾਜਸਥਾਨ ਨੂੰ ਛੱਡਿਆ ਜਾ ਰਿਹਾ ਹੈ 900 ਤੋਂ ਵਧਾ ਕੇ 2750 ਕਿਊਸਿਕ ਪਾਣੀ- ਪਰਮਬੰਸ ਸਿੰਘ ਬੰਟੀ ਰੋਮਾਣਾ

ਪਟਨਾ ਸਾਹਿਬ ਦੇ ਇਕ ਮਾਲ 'ਚ ਦਸਵੇਂ ਪਾਤਿਸ਼ਾਹ ਦਾ ਬੁੱਤ ਲਗਾਉਣ ਦਾ ਮਾਮਲਾ ਪ੍ਰਬੰਧਕਾਂ ਨੇ ਮੰਗੀ ਮੁਆਫ਼ੀ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਵਲੋਂ ਬੁੱਤ ਕੀਤਾ ਗਿਆ ਅਗਨ ਭੇਟ

Punjab CM Bhagwant Mann Opposes Panjab University Affiliation of Haryana Colleges

Akal Takht Jathedar performs 'Dastarbandi' of 105 Jharkhand Sikh boys at Takht Patna Sahib

Former Himachal CM and BJP veteran Shanta Kumar urges PM Modi to ensure of transfer of Shanan Power Project to Himachal Pradesh

HUDA officials raze to the ground decades-old dargah in Punchkula, caretaker says unilateral action without information.

Scheduled Castes Commission issues third notice to Punjab govt over sexual misconduct allegations against Punjab Cabinet Minister Lal Chand Kataruchak

# ਕੈਨੇਡਾ, ਪੰਜਾਬ ਨੂੰ ਖਾਲੀ ਕਰਨ ਲਈ ਇਨ੍ਹਾਂ ਕਾਲ੍ਹਾ ਕਿਉਂ ਹੈ ਤੇ ਅਸੀਂ ਭੇਡ ਚਾਲ ਕਦ ਬੰਦ ਕਰਾਂਗੇ?

**ਜਗਮੋਹਨ ਸਿੰਘ**

ਆਈਲੈਟਸ ਪਾਸ ਕਰਕੇ ਦਸਵੀਂ ਬਾਰਵੀਂ ਦੇ ਮਾਸੂਮ ਬਚਿਆਂ ਨੂੰ ਕੈਨੇਡਾ ਲਾਲਚ ਦੇ ਦੇ ਕੇ ਆਪਣੇ ਮੁਲਕ ਵਲ ਖਿੱਚ ਰਿਹਾ ਹੈ ਜੋ ਕਿ ਸਰਕਾਰੀ ਤੌਰ ਤੇ ਇਕ ਵੱਡਾ ਧੋਖਾ ਜਿਹਾ ਜਾਪਣ ਲਗ ਗਿਆ ਹੈ। ਇਨ੍ਹੀ ਕਾਲੀ ਕਰਕੇ ਕੈਨੇਡਾ ਵੀ ਗਲਤੀਆਂ ਤੇ ਗਲਤੀਆਂ ਕਰ ਰਿਹਾ ਹੈ। ਅਸੀ ਕੁਝ ਸਵਾਲ ਕਰਦੇ ਹੈ ਅੱਜ ਉਨ੍ਹਾਂ ਵਿਦਿਆਰਥੀਆਂ ਬਾਰੇ ਜੋ ਡੀਪੋਰਟ ਹੋ ਸਕਦੇ ਹਨ। ਕੈਨੇਡਾ 'ਚੋਂ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦਾ ਕਸੂਰ ਹੈ ਕਿ ਕੈਨੇਡਾ ਦੇ ਬਾਰਡਰ ਸਕੂਰਟੀ ਅਤੇ ਹੋਰ ਮਹਿਕਮਿਆਂ ਦਾ ਜਿਨ੍ਹਾਂ ਨੇ ਆਪਣਾ ਫਰਜ਼ ਚੰਗੀ ਤਰ੍ਹਾਂ ਨਹੀ ਨਿਭਾਇਆ। ਇਹ ਵੱਡੇ ਸਵਾਲ ਹਨ ਜਿਨ੍ਹਾਂ ਬਾਰੇ ਬਹਿਸ ਹੋਣੀ ਚਾਹੀਦੀ ਹੈ।

700 ਪੰਜਾਬੀ ਵਿਦਿਆਰਥੀ ਪਿਛਲੇ ਪੰਜ ਸਾਲਾ ਤੋਂ ਕੈਨੇਡਾ ਵਿੱਚ ਪੜ੍ਹ ਰਹੇ ਸਨ ਜਿਨ੍ਹਾਂ ਦਾ ਵੱਖ ਵੱਖ ਕਾਲਜਾਂ ਵਿਚ ਦਾਖਲਾ ਹੋਇਆ ਸੀ। ਇਸ ਸਾਲ ਜਦ ਇਨ੍ਹਾਂ ਵਿੱਚੋਂ ਕੁਝ ਵਿਦਿਆਰਥੀਆਂ ਨੇ ਕੈਨੇਡਾ 'ਚ ਪੱਕੀ ਰਿਹਾਇਸ਼ ਲਈ ਅਰਜ਼ੀਆਂ ਭਰੀਆਂ ਤਾਂ ਪਤਾ ਚਲਿਆ ਕਿ ਜੋ ਦਾਖਲੇ ਇਨ੍ਹਾਂ ਨੂੰ ਦਿੱਤੇ ਗਏ ਸਨ ਉਹ ਕਾਲਜ ਹੀ ਫਰਜ਼ੀ ਸਨ ਜਿਨ੍ਹਾਂ ਦਾ ਹੁਣ ਨਾਮੋ ਨਿਸ਼ਾਨ ਨਹੀ ਲਭ ਰਿਹਾ। ਸਵਾਲ ਇਹ ਉਠਦਾ ਹੈ ਕਿ ਕਸੂਰ ਕਿਸ ਦਾ ਹੈ?



ਜੇ ਵਿਦਿਆਰਥੀਆਂ ਕੋਲ ਦਾਖਲਾ ਫਰਜ਼ੀ ਕਾਲਜਾਂ ਦਾ ਸੀ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਜ਼ਾ ਦਿੱਲੀ ਵਿਚਲੇ ਕੈਨੇਡੀਅਨ ਸਫਾਰਤਖਾਨੇ ਨੇ ਵੀਜ਼ੇ ਕਿਵੇਂ ਦਿੱਤੇ? ਕੀ ਉੱਥੇ ਕੰਮ ਕਰਨ ਵਾਲੇ ਅਫਸਰ ਵੀ ਭਾਰਤ ਅਤੇ ਪੰਜਾਬ ਵਿੱਚਲੇ ਜਾਲੀ ਏਜੰਟਾਂ ਨਾਲ ਮਿਲੇ ਹੋਏ ਹਨ? ਜੇ ਨਹੀ ਤਾਂ ਉਨ੍ਹਾਂ ਨੇ ਕਾਗਜ਼ ਚੰਗੀ ਤਰ੍ਹਾਂ ਤਫਤੀਸ਼ ਕਰਨ ਵਿਚ ਕੁਤਾਹੀ ਨਹੀ ਕੀਤੀ? ਕੀ ਉਨ੍ਹਾਂ ਵਿਚੋਂ ਕਿਸੇ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ?

ਜਦ ਇਹ ਵਿਦਿਆਰਥੀ ਦਿੱਲੀ ਤੋਂ ਕੈਨੇਡਾ ਜਾ ਰਹੇ ਸਨ ਤਾਂ ਦਿੱਲੀ ਹਵਾਈ ਅੱਡੇ ਤੇ ਇਨ੍ਹਾਂ ਦੇ ਕਾਗਜ਼ਾ ਦੀ ਪੜਤਾਲ ਅਧੂਰੀ ਕਿਉਂ ਰਹੀ? ਕੀ ਭਾਰਤੀ ਅਫਸਰਾਂ ਨੂੰ ਪਤਾ ਨਹੀ ਕਿ ਨਕਲੀ ਕਾਲਜ ਕਿਹੜੇ ਹਨ?

ਫਿਰ ਜਦ ਇਹ ਵਿਦਿਆਰਥੀ ਕੈਨੇਡਾ ਦੀ ਧਰਤੀ ਤੇ ਪਹੁੰਚੇ ਤਾਂ ਮੁਲਕ ਵਿੱਚ ਦਾਖਲੇ ਦਿੰਦਿਆਂ ਬਾਰਡਰ ਸਕੂਰਿਟੀ ਅਤੇ ਇਮੀਗ੍ਰਸ਼ਨ ਦੇ ਅਫਸਰਾਂ ਨੇ ਕਾਗਜ਼ਾਂ ਨੂੰ ਚੰਗੀ ਤਰ੍ਹਾਂ ਕਿਉਂ ਨਹੀ ਘੋਖਿਆ?

ਅੱਗੇ ਚਲ ਕੇ ਜਦ ਵਿਦਿਆਰਥੀ ਕਾਲਜਾਂ ਵਿੱਚ ਪੜ੍ਹਨ ਲੱਗੇ ਤਾਂ ਸੰਬੰਧਤ ਯੁਨੀਰਸਿਟੀਆਂ ਨੇ ਰੌਲਾ ਕਿਉਂ ਨਹੀ ਪਾਇਆ?

ਅੱਜ ਜਦ ਵੱਡੀ ਗਿਣਤੀ ਪੰਜਾਬੀ ਮੁੰਡੇ ਅਤੇ ਕੁੜੀਆਂ ਨੂੰ ਆਪਣੇ ਬਚਾਅ ਕਰਨ ਲਈ ਵਕੀਲਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ ਤਾਂ ਕੀ ਕੈਨੇਡਾ ਸਰਕਾਰ ਇਸ ਮੱਧ ਪਿਛੇ ਚੇਹਿਰਾ ਛੁਪਾ ਸਕਦੀ ਹੈ ਕਿ ਹਰ ਵਿਅਕਤੀ ਨੂੰ ਆਪਣੇ ਕੇਸਾਂ ਦੀ ਪੇਸ਼ਕਾਰੀ ਮੌਕੇ ਉਨ੍ਹਾਂ ਵਲੋਂ ਦੱਸੇ ਵੇਰਵੇ ਦੀ ਸਚਾਈ ਬਾਰੇ ਇਕਰਾਰ ਕਰਨਾ ਹੁੰਦਾ ਹੈ?


ਇਸ ਵਿੱਚ ਕੋਈ ਸ਼ੱਕ ਨਹੀ ਕਿ ਵੀਜ਼ਾ ਅਰਜ਼ੀ ਉਪਰ ਅਰਜੀਕਰਤਾ ਵਲੋਂ ਦਸਤਖਤ ਕਰਨ ਦਾ ਭਾਵ ਹੁੰਦਾ ਕਿ ਫਾਰਮਾਂ 'ਚ ਦਿੱਤੀ ਗਈ ਜਾਣਕਾਰੀ ਦਰੁਸਤ ਹੈ ਅਤੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੁਝ ਛੁਪਾਇਆ ਨਹੀਂ ਗਿਆ। ਪਰ ਜੇ ਇਹ ਇਕ-ਦੋ ਕੇਸਾਂ ਵਿੱਚ ਹੋਏ ਤੇ ਸਮਝ ਪੈਂਦੀ ਹੈ। ਜੇ ਇਤਨੇ ਜ਼ਿਆਦਾ ਵਿਦਿਆਰਥੀਆਂ ਨੂੰ ਜਲੰਧਰ ਤੋਂ ਈ.ਐਮ.ਐਸ.ਏ. ਕੰਸਲਟਿੰਗ ਦੇ ਬ੍ਰਿਜੇਸ਼ ਮਿਸ਼ਰਾ ਨਾਮਕ ਏਜੰਟ ਵਲੋਂ ਦਿੱਤੇ ਗਏ ਕੈਨੇਡੀਅਨ (ਹੰਬਰ ਤੇ ਸਨੇਕਾ ਜਹੇ) ਨਾਮੀ ਕਾਲਜਾਂ ਦੇ ਨਕਲੀ ਦਾਖਲਾ ਪੱਤਰਾਂ ਦਾ ਮਾਮਲਾ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਪਹਿਲਾ ਹੀ ਕਿਉਂ ਨਹੀ ਫੜਿਆ ਗਿਆ?

2017 ਤੋਂ ਧੜੱਲੇ ਨਾਲ ਚਲ ਰਹੇ ਇਸ ਸਕੈਂਡਲ ਬਾਰੇ ਕਿਉਂ ਨਹੀ ਪੜਤਾਲ ਕੀਤੀ ਗਈ? ਪੰਜਾਬ ਦੀ ਸਰਕਾਰ, ਭਾਰਤ ਦੀ ਸਰਕਾਰ ਤੇ ਕੈਨੇਡਾ ਦੀ ਸਰਕਾਰ ਸਾਰਿਆਂ ਦਾ ਵੱਡਾ ਕਸੂਰ ਹੈ।

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਹਾਲ ਹੀ ਵਿੱਚ ਜੋ ਬਿਆਨ ਦਿੱਤਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਦੇ ਕੇਸਾਂ ਨੂੰ ਨਰਮੀ ਨਾਲ ਵੇਖਣ ਦੀ ਹਦਾਇਤ ਕੀਤੀ ਗਈ ਹੈ ਸ਼ਲਾਘਾ ਯੋਗ ਕਦਮ ਹੈ।

ਮੁਕਦੀ ਗਲ ਇਹ ਹੈ ਕਿ ਹਰ ਇਕ ਚੰਗੇਰੀ ਜ਼ਿੰਦਗੀ ਜਿਉਣ ਦਾ ਹੱਕ ਹੈ ਪਰ ਕੀ ਅਸੀ ਅੰਨੇਵਾਹ ਜਾਣਾ ਹੈ ਜ਼ਾ ਸੋਚ ਸਮਝ ਕੇ -ਸਾਨੂੰ ਅਤੇ ਭੇਡਚਾਲ ਦੇ ਸ਼ਿਕਾਰ ਮਾਪਿਆਂ ਨੂੰ ਇਸ ਬਾਰੇ ਜ਼ਰੂਰ ਸੋਚਣਾ ਹੋਵੇਗਾ।

## ਜੂਨ 84 ਘੱਲੂਘਾਰਾ ਦਿਵਸ ਮੌਕੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਕਰਵਾਏ ਦਰਸ਼ਨ



ਜੂਨ 1984 ਦੇ ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਸਮੇਂ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਏ ਗਏ। ਜ਼ਖ਼ਮੀ ਪਾਵਨ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸੁਸ਼ੋਭਿਤ ਕੀਤਾ ਗਿਆ। ਇਸ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਦਰਸ਼ਨਾਂ ਦੇ ਨਾਲ-ਨਾਲ ਇਸ ਵਿਚ ਲੱਗੀ ਗੋਲੀ ਵੀ ਸੰਗਤ ਨੂੰ ਦਿਖਾਈ ਗਈ।

## BJP's Hollow Sikh-centric Initiatives in Punjab: A Political Ploy?

The BJP's recent attempts to position itself as a champion of Sikh causes in Punjab raise concerns about their genuine intentions. After severing ties with the Shiromani Akali Dal (SAD), the BJP is strategically targeting Sikh voters to secure their support in upcoming elections. However, their claims of prioritizing Sikh affairs and showering the community with honors seem hollow. While highlighting a few initiatives, such as the Kartarpur Corridor, justice for the 1984 anti-Sikh riots, and celebrations of important Gurpurabs, it is crucial to question the BJP's sincerity and whether their newfound love for Punjab's Sikhs is merely a political ploy.

It is in this light that one should see the statement of the BJP questioning the attack on Darbar Sahib in June 1984, whereas the same party had lauded the attack when it was carried out by Mrs. Indiran Gandhi.

Given the dissatisfaction of former MPs and MLAs with their parent parties like Congress and Badal Dal, right wing party BJP is sparing no effort to poach such leaders and then field them as their own as was done during the recently concluded Jalandhar byelections. Akali Dal Badal veteran Bibi Jagir Kaur, the Atwal father-son duo and many other rank and file leaders have jumped into the fray, expecting to win elections on the BJP platform.

Significantly, even the National Commission for Minorities chairperson Iqbal Singh Lalpura and many other official BJP appointees have been making interventions to please the Sikh population in Punjab and elsewhere.

However, on substantive issues of the Punjabi language, water rights, Haryana's attempts at seeking affiliation of its colleges to Panjab University and the attempts to make unnecessary intervention in Sikh religious affairs continues.

Historians and columnists are cognizant of the past when BJP and its earlier avatar Jan Sangh had stoked fires of communal hatred against Sikhs in Punjab.

The people of Punjab have a difficult road ahead in making a choice between political parties vying for space in the upcoming parliamentary and SGPC elections.

## "Sikh of the Year" awardee MP Vikramjit Singh Sawhnwy launches Education Fund for Punjabi students in UK

**Singh Sabha Patrika Reporter**



Rajya Sabha MP Vikramjit Singh Sahney has launched an education fund with an initial contribution of GBP 100,000 to support students from Punjab studying at the Universities of Oxford and Cambridge in the UK.

The fund will be managed by the World Punjabi Organisation (WPO) in coordination with the Indian High Commissioner to the UK.

Sahney made this announcement during his acceptance speech for the Sikh of the Year award at a ceremony organized by the Sikh Forum International in London.

## 700 Punjabi Students Face Deportation: Punjab NRI Minister Seeks Central govt Intervention

**Singh Sabha Patrika Reporter**

Punjab NRI Affairs Minister Kuldip Singh Dhaliwal has written to External Affairs Minister S Jaishankar, expressing his concern over the plight of 700 Indian students, primarily from Punjab, who are facing deportation from Canada due to fake admission offer letters. Dhaliwal has requested a meeting with Jaishankar to discuss the matter personally and urged the Indian government to intervene with the Canadian authorities to prevent the students from being deported. The minister also emphasized the need for thorough research and verification before choosing colleges and travel agents for studying abroad.

## 12 Punjab and Haryana Youths Stranded in Libya Due to Immigration Fraud

**Singh Sabha Patrika Reporter**

Twelve youths from Punjab and Haryana are trapped in Libya after being deceived by travel agents who promised them jobs in Dubai.

Charged lakhs of rupees, they were taken on a visitor's visa to Dubai, then to Egypt, and eventually ended up in Zwara city, Libya.

They have been stuck there for six months, facing mistreatment by employers and inadequate food. Rajya Sabha MP Vikramjit Singh Sahney has sought urgent intervention and evacuation. The Indian Embassy in Tunisia is coordinating with Libyan authorities for repatriation.

## NCERT Drops 'Controversial' Anandpur Sahib Resolution Content

**Singh Sabha Patrika Reporter**

The NCERT has removed disputed content about the Anandpur Sahib Resolution from its textbooks. The revised textbooks will be available nationwide from the next academic session.

The contentious lines suggesting a plea for a separate Sikh nation and advocating secession have been removed. The NCERT clarified that the content was added in 2006 but went unnoticed until the recent objection by the SGPC.



## ਸੁਰਖੀਆਂ



ਲੰਡਨ ਬਾਰੋਅ ਆਫ ਹੰਸਲੋ ਕਾਉਂਸਲ ਦੀ ਡਿਪਟੀ ਮੇਅਰ ਬਣੀ ਹਰਲੀਨ ਕੌਰ

4 Punjabis win Alberta provincial poll

Pakistani singer Rahat Fateh Ali Khan pays tribute to Sidhu Moosewala on first death anniversary

Canadian Province Allows Sikh Motorcyclists To Ride Without Helmets For Special Events



Punjab-origin gangster Amarpreet Samra shot in Canada

## ਕੈਨੇਡਾ 'ਚ ਪੰਜਾਬਣ ਨੂੰ ਮਿਲਿਆ ਵੋਮੈਨ ਆਫ਼ ਦੀ ਯੀਅਰ 2023 ਐਵਾਰਡ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਉਦਯੋਗ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰੇ ਬੀ.ਸੀ. ਬਿਜ਼ਨਿਸਜ਼ ਵਲੋਂ ਵੋਮੈਨ ਆਫ ਦੀ ਯੀਅਰ 2023 ਐਵਾਰਡ ਦਾ ਐਲਾਨ ਕਰ ਦਿੱਤਾ ਹੈ।

ਸੂਬੇ ਭਰ 'ਚ 8 ਔਰਤਾਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ। ਵੱਖ-ਵੱਖ ਸ਼੍ਰੇਣੀਆਂ 'ਚ ਦਿੱਤੇ ਗਏ ਇਨਾਮਾਂ 'ਚ ਰਿਚਮੰਡ ਦੀ ਜੰਮਪਲ ਤੇ ਇਕੋ-ਇਕ ਪੰਜਾਬਣ ਕਿਰਨ ਦੋਸਾਂਝ ਵੀ ਸ਼ਾਮਿਲ ਹੈ। ਕਿਰਨ ਦੋਸਾਂਝ ਨੂੰ ਵੋਮੈਨ ਆਫ਼ ਦੀ ਯੀਅਰ ਇਨ ਦੀ ਇੰਟਰਪ੍ਰੀਨਿਉਰਲ ਲੀਡਰ ਦਾ ਸਨਮਾਨ ਦਿੱਤਾ ਗਿਆ ਹੈ।

## 15 ਸਾਲਾਂ ਤੋਂ ਆਸਟ੍ਰੇਲੀਆ ਰਹਿ ਰਹੇ ਪਰਮਿੰਦਰ ਸਿੰਘ ਤੇ ਪਰਿਵਾਰ ਦੀ ਵਤਨ ਵਾਪਸੀ 4 ਸਤੰਬਰ ਤੱਕ ਟੱਲ ਗਈ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਬੀਤੇ ਕਰੀਬ 15 ਸਾਲਾਂ ਤੋਂ ਆਸਟ੍ਰੇਲੀਆ ਰਹਿ ਰਹੇ ਰੂਪਨਗਰ ਜ਼ਿਲ੍ਹੇ ਦੇ ਪਿੰਡ ਬੜਵਾ ਦੇ ਨੌਜਵਾਨ ਪਰਮਿੰਦਰ ਸਿੰਘ ਨੂੰ ਉਸ ਦੇ ਛੋਟੇ 8 ਸਾਲਾਂ ਦੇ ਬੇਟੇ ਤੇ ਪਤਨੀ ਸਮੇਤ ਆਸਟ੍ਰੇਲੀਆ ਸਰਕਾਰ ਨੇ 31 ਮਈ ਤੱਕ ਆਪਣੇ ਵਤਨ ਭਾਰਤ ਪਰਤਣ ਦੇ ਆਦੇਸ਼ ਦਿੱਤੇ ਸਨ ਪਰ ਪਰਮਿੰਦਰ ਸਿੰਘ ਨੇ ਆਸਟ੍ਰੇਲੀਆ ਸਰਕਾਰ ਦੇ ਇਸ ਅਨੋਖੇ ਆਦੇਸ਼ ਵਿਰੁੱਧ ਆਵਾਜ਼ ਉਠਾਉਣ ਤੇ ਉੱਥੇ ਦਾ ਸਥਾਈ ਵੀਜ਼ਾ ਲੈਣ ਲਈ ਇਕ ਪਟੀਸ਼ਨ ਦਾਇਰ ਕੀਤੀ ਸੀ। ਜਿਸ 'ਤੇ ਕਰੀਬ 16 ਹਜ਼ਾਰ ਤੋਂ ਵੱਧ ਲੋਕਾਂ ਨੇ ਹਸਤਾਖ਼ਰ ਕੀਤੇ ਸਨ। ਇਸ ਦੀ ਤਾਜ਼ਾ ਅੱਪਡੇਟ ਜਾਰੀ ਕਰਦਿਆਂ ਆਸਟ੍ਰੇਲੀਆ ਤੋਂ ਪਰਮਿੰਦਰ ਸਿੰਘ ਨੇ ਦੱਸਿਆ ਕਿ ਇੰਮੀਗ੍ਰੇਸ਼ਨ



ਮਨਿਸਟਰ ਐਂਡਰਿਊ ਜਾਈਲਜ਼ ਨੇ ਉਨ੍ਹਾਂ ਦੀ ਫਾਈਲ ਮੁੜ ਖੋਲ੍ਹ ਲਈ ਹੈ ਅਤੇ ਉਨ੍ਹਾਂ ਕੋਲੋਂ ਹੋਰ ਦਸਤਾਵੇਜ਼ਾਂ ਦੀ ਮੰਗ ਕੀਤੀ ਹੈ।

ਸਰਕਾਰ ਵਲੋਂ ਉਨ੍ਹਾਂ ਦੇ ਪਰਿਵਾਰ ਨੂੰ 31 ਮਈ 2023 ਤੱਕ ਭਾਰਤ ਵਾਪਸ ਪਰਤਣ ਦੇ ਹੁਕਮ 'ਤੇ ਵੀ ਰੋਕ ਲਗਾ ਦਿੱਤੀ ਹੈ ਤੇ ਪਰਮਿੰਦਰ ਸਿੰਘ ਦੇ ਪਰਿਵਾਰ ਨੂੰ ਨਵਾਂ ਵੀਜ਼ਾ ਅਪਲਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਨਾਲ ਹੀ ਆਸਟ੍ਰੇਲੀਆ ਸਰਕਾਰ ਨੇ ਪਰਮਿੰਦਰ ਤੇ ਪਰਿਵਾਰ ਨੂੰ 4 ਸਤੰਬਰ ਤੱਕ ਆਸਟ੍ਰੇਲੀਆ ਦਾ ਵੀਜ਼ਾ ਦੇ ਦਿੱਤਾ ਹੈ।

## ਕੋਹਿਨੂਰ ਹੀਰੇ ਨੂੰ ਮਹਾਰਾਣੀ ਵਿਕਟੋਰੀਆ ਸਪੁਰਦ ਕਰਨ ਲਈ ਮਹਾਰਾਜਾ ਦਲੀਪ ਸਿੰਘ ਨੂੰ ਮਜਬੂਰ ਕੀਤਾ ਗਿਆ ਸੀ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਮਹਾਰਾਜਾ ਦਲੀਪ ਸਿੰਘ ਵਲੋਂ ਮਹਾਰਾਣੀ ਵਿਕਟੋਰੀਆ ਨੂੰ ਕੋਹਿਨੂਰ ਹੀਰਾ ਤੋਹਫੇ ਵਜੋਂ ਦੇਣ ਦੀਆਂ ਕਹਾਣੀਆਂ ਬੀਤੇ ਸਮੇਂ ਤੋਂ ਕਾਫੀ ਪ੍ਰਚੱਲਤ ਸਨ। ਭਾਵੇਂ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਨੇ ਇਸ ਗੱਲ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਸੀ। ਇਕ 10 ਸਾਲ ਦੇ ਬੱਚੇ ਨੂੰ ਕੈਦੀ ਬਣਾ ਕੇ ਮਾਂ ਅਤੇ ਦੇਸ਼ ਤੋਂ ਦੂਰ ਲਿਜਾ ਕੇ, ਉਸ ਨੂੰ ਕੋਹਿਨੂਰ ਹੀਰਾ ਦੇਣ ਲਈ ਮਜ਼ਬੂਰ ਕਰਨ ਨੂੰ ਤੋਹਫਾ ਕਿਹਾ ਜਾ ਸਕਦਾ ਹੈ। ਕੋਹਿਨੂਰ ਹੀਰੇ ਨੂੰ ਮਹਾਰਾਣੀ ਐਲਿਜਾਬੈੱਥ ਦੀ ਮਾਂ ਦੇ ਤਾਜ 'ਚੋਂ ਕੱਢ ਕੇ ਹੋਰ ਹੀਰੇ ਜੜ ਕੇ ਮੌਜੂਦਾ ਮਹਾਰਾਜਾ ਚਾਰਲਸ ਦੀ ਰਾਣੀ ਕੈਮਿਲਾ ਦੀ ਤਾਜਪੋਸ਼ੀ ਮੌਕੇ ਵਰਤੋਂ ਕੀਤੀ ਗਈ ਸੀ।

ਕੋਹਿਨੂਰ ਹੀਰੇ ਨੂੰ ਮੁੜ ਟਾਵਰ ਆਫ ਲੰਡਨ 'ਚ ਸੁਸ਼ੋਭਿਤ ਕਰ ਦਿੱਤਾ ਗਿਆ ਹੈ। ਪਰ ਇਸ ਹੀਰੇ ਦੇ ਇਤਿਹਾਸ ਨੂੰ ਜਿੱਤ ਦਾ ਪ੍ਰਤੀਕ ਵਜੋਂ ਪੇਸ਼ ਕਰਦਿਆਂ, ਪਹਿਲੀ ਵਾਰ ਮੰਨਿਆ ਹੈ ਕਿ ਇਹ ਹੀਰਾ ਇੱਕ ਬੱਚੇ ਨੂੰ ਸੌਂਪਣ ਲਈ ਮਜ਼ਬੂਰ ਕੀਤਾ ਗਿਆ ਸੀ।

ਕੋਹੇਨੂਰ ਹੀਰਾ 1850 'ਚ ਮਹਾਰਾਜਾ ਦਲੀਪ ਸਿੰਘ ਨੂੰ ਈਸਟ ਇੰਡੀਆ ਕੰਪਨੀ ਦੁਆਰਾ ਪੰਜਾਬ ਦੇ ਕਬਜ਼ੇ ਤੋਂ ਬਾਅਦ ਸੌਂਪਣ ਲਈ ਮਜ਼ਬੂਰ ਕੀਤਾ। ਫਾਰੀਸ ਨੇ ਕਿਹਾ ਹੈ ਕਿ ਪ੍ਰਦਰਸ਼ਨੀ ਦੇ ਨਵੀਨੀਕਰਨ ਲਈ ਮਾਹਿਰਾਂ ਨਾਲ ਗੱਲਬਾਤ ਕਰ ਕੇ ਨਤੀਜੇ 'ਤੇ ਪਹੁੰਚਣ ਲਈ 4 ਸਾਲ ਲੱਗੇ ਹਨ।

## ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਸੋਫੀਆ ਦਲੀਪ ਸਿੰਘ ਦੀ ਰਿਹਾਇਸ਼ 'ਤੇ ਲੱਗੀ ਨੀਲੀ ਇਤਿਹਾਸਕ ਤਖਤੀ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਅਤੇ ਸਿੱਖ ਸਾਮਰਾਜ ਦੇ ਆਖ਼ਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਧੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੇ ਲੰਡਨ ਸਥਿਤ ਨਿਵਾਸ 'ਤੇ ਬੀਤੇ ਕੱਲ੍ਹ ਇੰਗਲਿਸ਼ ਹੈਰੀਟੇਜ ਚੈਰਿਟੀ ਵਲੋਂ 'ਨੀਲੀ ਤਖ਼ਤੀ' ਲਗਾਈ ਗਈ ਹੈ। ਇਸ ਤਖ਼ਤੀ ਦੇ ਉਦਘਾਟਨ ਮੌਕੇ ਯੂ.ਕੇ. ਦੇ ਐਮ.ਪੀ. ਤਨਮਨਜੀਤ ਸਿੰਘ ਢੇਸੀ, ਸਿੱਖ ਇਤਿਹਾਸਕਾਰ ਅਨੀਤਾ ਅਨੰਦ, ਪੀਟਰ ਬੈਂਸ,



ਹਰਮਿੰਦਰ ਸਿੰਘ ਗਿੱਲ ਤੋਂ ਇਲਾਵਾ ਬਰਤਾਨਵੀ ਫੌਜ ਦੇ ਅਧਿਕਾਰੀ ਵੀ ਮੌਜੂਦ ਸਨ। ਇੰਗਲਿਸ਼ ਹੈਰੀਟੇਜ ਚੈਰਿਟੀ ਵਲੋਂ ਚਲਾਈ ਗਈ 'ਨੀਲੀ ਤਖ਼ਤੀ' ਸਕੀਮ ਤਹਿਤ ਇਤਿਹਾਸਕ ਸ਼ਖਸੀਅਤਾਂ ਨਾਲ ਜੁੜੀਆਂ ਵਿਸ਼ੇਸ਼ ਇਮਾਰਤਾਂ ਦੀ ਮਹੱਤਤਾ ਨੂੰ ਪੇਸ਼ ਕੀਤਾ ਜਾਂਦਾ ਹੈ।

## Singh Sabha expresses condolence for train crash victims, seeks enhanced safety measures



In a heartfelt letter addressed to Shri Ashwini Vaishnaw, Minister of Railways, Government of India, representative body of Sikhs in Mumbai, Singh Sabha Mumbai expressed their deepest condolences to the families affected by the recent train crash in Balasore, Orissa. The organization stood in solidarity with the grieving families and emphasized the need for immediate action to prevent similar accidents in the future.

Singh Sabha President Manmohan Singh through the letter called for a thorough investigation into the incident, urging transparency in sharing the findings and implementation of appropriate measures to avoid recurrence. Emphasizing the paramount importance of passenger safety, he appealed for the allocation of resources to modernize railway infrastructure. The organization also stressed the significance of providing substantial ex-gratia payments to the affected families.

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੱਖ ਵੱਖ ਪ੍ਰੋਗਰਾਮਾਂ ਵਿੱਚ ਸਿੰਘ ਸਭਾ ਮੁੰਬਈ ਅਤੇ ਸੇਵਕ ਜੱਥਾ ਦਾਦਰ ਵੱਲੋਂ ਮੁੰਬਈ ਸ਼ਹਿਰ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਲਈ ਆਉਣ ਵਾਲੇ ਮਹੀਨਿਆਂ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਗੁਰੂ ਆਸ਼ੇ ਮੁਤਾਬਕ ਵਿਦਿਆ ਵਿਚਾਰੀ ਤਾ ਪਰਉਪਕਾਰੀ ਦੇ ਹੁਕਮ ‘ਤੇ ਪਹਿਰਾ ਦਿੰਦੇ ਹੋਏ ਵਿਦਿਆਰਥੀਆਂ ਨੂੰ ਸਮਾਜ ਵਿੱਚ ਆਪਣੀ ਨਿਵੇਕਲੀ ਥਾਂ ਬਨਾਉਣ ਲਈ ਪ੍ਰੇਰਿਆ ਅਤੇ ਉਤਸ਼ਾਹਤ ਕੀਤਾ ਜਾਵੇਗਾ। ਇਸ ਲੜੀ ਨੂੰ ਇਲਾਕਾਈ ਸਿੰਘ ਸਭਾਵਾਂ ਵੱਲੋਂ ਵੀ ਕੀਤਾ ਜਾਣਾ ਚਾਹੀਦਾ ਹੈ।

## Singh Sabha Dadar to honour Saabat Soorat Sikh Students Classes V to IX and Class XII in August

**Patrika Staff Reporter**



Singh Sabha Dadar will be felicitating Saabat Soorat Sikh students from Mumbai, Navi Mumbai, and Thane City who secured the top positions in their respective classes (5th to 9th) or achieved an A+ grade on 6 August at Gurdwara Sri Guru Singh Sabha Dadar. Additionally, students from the 12th grade who obtained a minimum of 80% in the Science, 75% in the Commerce, or 70% in the Arts faculties, or above will also be felicitated

Singh Sabha General Secretary Balbir Singh told Mumbai Patrika that, “Eligible students may collect forms by 30 July during office hours. The forms have also been distributed to all Gurdwaras in Mumbai, where interested individuals can collect them.” He also added that students and Gurdwara Parbandhaks may make additional copies for distribution to deserving applicants.

## Sewak Jatha Dadar to Felicitate Standard Tenth Saabat Soorat Sikh Students in July

**Patrika Staff Reporter**



Dadar: Sewak Jatha Dadar, a prominent Sikh organization, engaged in selfless service and providing impetus to Sikh students for the last many decades, has announced that they will be felicitating all Saabat Soorat Sikh students of Std X who passed their examinations in the 2022-2023 session on Sunday, July 30, 2023, from 9:00 am to 12:00 noon in the Darbar Hall of Gurdwara Sahib Dadar. This felicitation program not only acknowledges the academic accomplishments of the Saabat Soorat Sikh students but also serves as an opportunity to support their educational journey.

Sewak Jatha Dadar's initiative exemplifies their commitment to promoting education and empowering the Sikh community in Mumbai, Navi Mumbai, Kalyan, Ulhasnagar, and Thane city.

In addition to this, the top-performing student from each Guru Nanak Higher Secondary School, which is managed by the Guru Nanak Vidyak Society in Mumbai, will also be honored during the ceremony.

Forms can be obtained on Sundays, July 9 and July 16, from 10:00 am to 4:00 pm, at various Gurdwaras in the region - Sri Guru Singh Sabha Dadar, Sri Guru Singh Sabha Vashi, Sri Guru Singh Sabha Bhandup, Sri Guru Singh Sabha Kalyan, Guru Nanak Satsang Sabha - Malad (E), Guru Nanak Punjabi Sabha - Chakala (Andheri (E), Gurdwara Guru Nanak Singh Sabha – Kalamboli, and Gurdwara Sri Guru Singh Sabha Kharghar.

“It is essential for the students to be present while collecting or submitting the forms”, he emphasized. Prospective applicants seeking further guidance and assistance can establish contact with these numbers: 9869600490 and 9969783742.

# ਝੋਨੇ ਦੀ ਕਾਸ਼ਤ ਬੰਦ ਨਾ ਕੀਤੀ ਗਈ ਤਾਂ ਕੁਝ ਹੀ ਸਾਲਾਂ ਵਿਚ ਰੇਗਿਸਤਾਨ ਬਣ ਜਾਵੇਗਾ ਪੰਜਾਬ

**ਮਹਿੰਦਰ ਸਿੰਘ ਦੋਸਾਂਝ**

ਕੇਂਦਰੀ ਭੂਜਲ ਬੋਰਡ ਦੀ ਰਿਪੋਰਟ ਅਨੁਸਾਰ ਅਗਲੇ 18 ਸਾਲਾਂ ਤੱਕ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ ਅਤੇ ਮਿੱਟੀ ਤੇ ਪਾਣੀ ਨਾਲ ਸੰਬੰਧਿਤ ਹੋਰ ਮਾਹਿਰ ਵੀ ਚਿਤਾਵਨੀ ਦੇ ਰਹੇ ਹਨ ਕਿ ਜੇਕਰ ਧਰਤੀ ਹੇਠੋਂ ਪਾਣੀ ਖਿੱਚਣ ਦੀ ਰਫ਼ਤਾਰ ਇਸੇ ਤਰ੍ਹਾਂ ਬਣੀ ਰਹੀ ਤਾਂ ਅਗਲੇ ਲਗਭਗ ਡੇਢ ਦਹਾਕੇ ਤੱਕ ਧਰਤੀ ਹੇਠਲਾ ਪਾਣੀ ਹਮੇਸ਼ਾ ਲਈ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗਾ।

ਪਰ ਇਹ ਚਿਤਾਵਨੀ ਉਸ ਸਮੇਂ ਲਈ ਹੈ ਜਦੋਂ ਸਾਰਾ ਸਾਲ ਤੇ ਹਰ ਮੌਸਮ ਵਿਚ ਲੋਕ ਪਾਣੀ ਦੇ ਮਨਹੂਸ ਕਾਲ ਦੇ ਸ਼ਿਕਾਰ ਹੋਣਗੇ, ਪਰ ਸਾਉਣੀ ਦੀਆਂ ਫਸਲਾਂ ਲਈ ਪਾਣੀ ਦਾ ਕਾਲ ਤਾਂ ਹੁਣੇ 2023 ਤੋਂ ਹੀ ਸ਼ੁਰੂ ਹੋ ਜਾਣ ਦੀ ਸੰਭਾਵਨਾ ਬਣੀ ਹੋਈ ਹੈ।

ਪਿਛਲੇ 5 ਸਾਲਾਂ ਤੋਂ ਧਰਤੀ ਹੇਠੋਂ ਪਾਣੀ ਕੱਢਣ ਦੀ ਰਫ਼ਤਾਰ ਤੇ ਟਿਊਬਵੈੱਲਾਂ ਦੀ ਪਾਣੀ ਛੱਡਣ ਦੀ ਗਿਣਤੀ ਦੇ ਆਧਾਰ 'ਤੇ ਕੀਤੇ ਗਏ ਹਿਸਾਬ-ਕਿਤਾਬ ਤੇ ਚਿੰਤਨ ਤੋਂ ਬਾਅਦ ਅਨੁਮਾਨ ਹੈ ਕਿ ਅਜੋਕੇ ਮਹੀਨੇ ਦਾ ਛੇਵਾਂ ਮਹੀਨਾ ਬੀਤਣ ਤੋਂ ਬਾਅਦ ਪੰਜਾਬ ਦੇ ਲੋਕਾਂ ਨੂੰ ਪਾਣੀ ਦੀ ਸਖ਼ਤ ਘਾਟ ਨਾਲ ਜੂਝਣਾ ਪਵੇਗਾ ਅਤੇ ਇਸ ਘਾਟ ਦਾ ਸਾਹਮਣਾ ਹਰ ਸਾਲ ਸ਼ੁਰੂ ਜੁਲਾਈ ਤੋਂ ਅਖ਼ੀਰ ਅਕਤੂਬਰ ਤੱਕ ਚਾਰ ਮਹੀਨੇ ਕਰਨਾ ਪਵੇਗਾ।

ਝੋਨੇ ਦੀ ਕਾਸ਼ਤ ਤੋਂ ਅੱਗੇ ਪਿੱਛੇ ਕੁਝ ਸਾਲਾਂ ਤੱਕ ਪੰਜਾਬ ਦੇ ਟਿਊਬਵੈੱਲ ਹੋਰ ਫਸਲਾਂ ਵਾਸਤੇ ਸ਼ਾਇਦ ਲਗਭਗ 8 ਮਹੀਨੇ ਪਹਿਲਾਂ ਵਾਂਗ ਪਾਣੀ ਦਿੰਦੇ ਰਹਿਣ।

ਇਕ ਅਨੁਮਾਨ ਅਨੁਸਾਰ ਅਜੋਕੇ ਸਾਲ ਅੰਦਰ ਝੋਨੇ ਦੀ ਲਵਾਈ ਸਮੇਂ ਲਗਭਗ 35 ਫ਼ੀਸਦੀ ਟਿਊਬਵੈੱਲ ਪਾਣੀ ਦੇਣਾ ਬੰਦ ਕਰ ਦੇਣਗੇ, ਪਾਣੀ ਛੱਡਣ ਵਾਲੇ ਟਿਊਬਵੈਲਾਂ ਦੇ ਮਾਲਕਾਂ ਵਿਚੋਂ ਲਗਭਗ 25 ਫ਼ੀਸਦੀ ਕਿਸਾਨ ਔਖੇ-ਸੌਖੇ ਮੋਟਰਾਂ ਲਈ ਬਿਜਲੀ ਦਾ ਲੋਡ ਵਧਾ ਕੇ ਤੇ ਬੋਰ ਡੂੰਘਾ ਕਰਕੇ ਬੁੱਤਾ ਸਾਰ ਲੈਣਗੇ, ਪਰ 10 ਫ਼ੀਸਦੀ ਛੋਟੇ ਤੇ ਗ਼ਰੀਬ ਕਿਸਾਨ ਸ਼ਾਇਦ ਅਜਿਹਾ ਨਹੀਂ ਕਰ ਸਕਣਗੇ ਤੇ ਅੱਡੀਆਂ ਚੁੱਕ ਕੇ ਫਾਹਾ ਲੈਣ ਤੋਂ ਪਰਹੇਜ਼ ਹੀ ਕਰਨਗੇ।

2024 ਵਿਚ ਬਰਸਾਤ ਦੇ ਇਨ੍ਹਾਂ ਚਾਰ ਮਹੀਨਿਆਂ ਵਿਚ 50 ਫ਼ੀਸਦੀ ਟਿਊਬਵੈੱਲਾਂ ਦਾ ਪਾਣੀ ਬੰਦ ਹੋ ਜਾਣ ਦਾ ਅਨੁਮਾਨ ਹੈ ਤੇ ਆਪਣੇ ਵਸੀਲੇ ਵਰਤ ਕੇ ਕੇਵਲ 10 ਫ਼ੀਸਦੀ ਕਿਸਾਨ ਹੀ ਬਿਜਲੀ ਦਾ ਹੋਰ ਲੋਡ ਵਧਾ ਕੇ ਬੋਰ ਡੂੰਘੇ ਕਰਵਾ ਸਕਣਗੇ।

2025 ਵਿਚ ਉਪਰੋਕਤ 4 ਮਹੀਨਿਆਂ ਵਿਚ ਪਾਣੀ ਛੱਡ ਦੇਣ ਵਾਲੇ ਟਿਊਬਵੈੱਲਾਂ ਦੀ ਗਿਣਤੀ 75 ਫ਼ੀਸਦੀ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ ਅਤੇ ਲਗਭਗ 10 ਫ਼ੀਸਦੀ ਕਿਸਾਨ ਹੀ ਬਿਜਲੀ ਦਾ ਲੋਡ ਵਧਾ ਕੇ ਬੋਰ ਹੋਰ ਡੂੰਘੇ ਕਰ ਸਕਣਗੇ।

ਇਸ ਤਰ੍ਹਾਂ 2026 ਵਿਚ ਝੋਨੇ ਦੀ ਕਾਸ਼ਤ ਦੇ ਇਨ੍ਹਾਂ ਚਾਰ ਮਹੀਨਿਆਂ ਵਿਚ ਸਾਰੇ ਦੇ ਸਾਰੇ 100 ਫ਼ੀਸਦੀ ਟਿਊਬਵੈੱਲ ਪਾਣੀ ਦੇਣਾ ਬੰਦ ਕਰ ਦੇਣਗੇ ਤੇ ਗਿਣਤੀ ਦੇ ਕੁਝ ਕਿਸਾਨ ਜੋ ਅੰਦਾਜ਼ਨ 5 ਫ਼ੀਸਦੀ ਦੇ ਕਰੀਬ ਹੀ ਹੋਣਗੇ, ਜੋ ਬਿਜਲੀ ਦਾ ਲੋਡ ਵਧਾ ਕੇ ਆਪਣੇ ਟਿਊਬਵੈੱਲਾਂ ਦੇ ਬੋਰ ਹੋਰ ਡੂੰਘੇ ਕਰਵਾ ਸਕਣਗੇ।



ਇਸ ਤੋਂ ਬਾਅਦ 2027 ਤੱਕ ਤਾਂ ਜੇ ਕਿਤੇ ਹੋਇਆ ਤਾਂ ਪਾਣੀ ਦੀ ਅਨਮੋਲ ਦਾਤ ਦਾ ਅੱਲਾ ਹੀ ਰਾਖਾ ਹੋਵੇਗਾ। ਅਜਿਹੀ ਅਵਸਥਾ ਵਿਚ ਬਿਜਲੀ ਦਾ ਪ੍ਰਬੰਧ ਵੀ ਹੱਥ ਖੜ੍ਹੇ ਕਰ ਦੇਵੇਗਾ, ਬਿਜਲੀ ਦੇ ਲੋਡ ਵਧਾ ਕੇ ਤੇ ਵਾਰ ਵਾਰ ਟਿਊਬਵੈੱਲਾਂ ਦੇ ਬੋਰ ਡੂੰਘੇ ਕਰਨ ਲਈ ਵਿੱਤੋਂ ਵੱਧ ਕੀਤੇ ਗਏ ਖਰਚੇ ਵੀ ਅਜਾਈਂ ਜਾਣਗੇ, ਪਾਣੀ ਵੀ ਨਸੀਬ ਨਹੀਂ ਹੋਵੇਗਾ ਅਤੇ ਝੋਨੇ ਦੀ ਫਸਲ ਵੀ ਸ਼ਾਇਦ ਸੁਫ਼ਨਾ ਬਣ ਕੇ ਰਹਿ ਜਾਵੇਗੀ, ਇਥੇ ਹੀ ਬੱਸ ਨਹੀਂ ਝੋਨੇ ਦੀ ਕਾਸ਼ਤ ਤਿਆਗ ਕੇ ਹੋਰ ਫਸਲਾਂ ਬੀਜਣ ਵਾਲੇ ਕਿਸਾਨਾਂ ਨੂੰ ਵੀ ਪਾਣੀ ਦੀ ਘਾਟ ਨਾਲ ਜੂਝਣਾ ਪਵੇਗਾ, ਅਜਿਹੇ ਸਮੇਂ ਸਾਡੇ ਬਜ਼ੁਰੱਗ ਕਿੱਸਾਕਾਰ ਕਵੀ ਵਾਰਿਸ ਸ਼ਾਹ ਦੀਆਂ ਇਹ ਸਤਰਾਂ ਯਾਦ ਆਉਣਗੀਆਂ –

ਨਾਲੇ ਰੰਨ ਗਈ,<br>
ਨਾਲੇ ਕੰਨ ਪਾਟੇ,<br>
ਆਖਰ ਇਸ਼ਕ 'ਚੋਂ<br>
ਨਫ਼ਾ ਕੀ ਖੱਟਿਆ ਸੂ।

ਅਜਿਹੀ ਸਾਰੀ ਅਵਸਥਾ ਕਈ ਤਰ੍ਹਾਂ ਦੀਆਂ ਲੋੜਾਂ ਤੇ ਸਮੱਸਿਆਵਾਂ ਨਾਲ ਜੁੜੀ ਹੋਈ ਹੈ। ਕਦੇ ਕੇਂਦਰ ਸਰਕਾਰ ਪੰਜਾਬ ਵਿਚੋਂ ਝੋਨੇ ਦੀ ਖਰੀਦ ਬੰਦ ਕਰ ਦੇਣ ਬਾਰੇ ਸੋਚਿਆ ਕਰਦੀ ਸੀ, ਪਰ ਹੁਣ 2 ਫ਼ੀਸਦੀ ਸਾਲ ਦੇ ਹਿਸਾਬ ਨਾਲ ਵਧ ਰਹੀ ਭਾਰਤ ਦੀ ਵਿਸ਼ਾਲ ਜਨਸੰਖਿਆ ਲਈ ਹੁਣ ਦੇ ਮੁਕਾਬਲੇ 2030 ਤੱਕ 31 ਮਿਲੀਅਨ ਟਨ ਅਨਾਜ ਦੀ ਹੋਰ ਲੋੜ ਪਵੇਗੀ, ਏਸ ਲਈ ਉਹ ਝੋਨੇ ਦੀ ਖ਼ਰੀਦ ਬੰਦ ਨਹੀਂ ਕਰੇਗੀ।

ਵੋਟਾਂ ਦੇ ਲਾਲਚ ਵਿਚ ਫਸੀਆਂ ਸਰਕਾਰਾਂ ਝੋਨੇ ਦੀ ਕਾਸ਼ਤ ਨੂੰ ਨਿਯਮਬੱਧ ਕਰਨ ਜਾਂ ਇਸ 'ਤੇ ਪਾਬੰਦੀ ਵੀ ਨਹੀਂ ਲਾਉਣਗੀਆਂ ਅਤੇ ਰਾਜ ਦੇ ਕਿਸਾਨ ਪਾਣੀ ਦੀ ਘਾਟ ਅਤੇ ਪਿਆਸ ਨਾਲ ਤੜਫ਼-ਤੜਫ਼ ਕੇ ਮਰ ਜਾਣ ਨੂੰ ਤਰਜੀਹ ਦੇਣਗੇ ਪਰ ਝੋਨਾ ਬੀਜਣਾ ਬੰਦ ਨਹੀਂ ਕਰਨਗੇ।


ਅਜਿਹੀ ਅਵਸਥਾ ਵਿਚ ਆਪਣਾ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਕਿਸਾਨਾਂ ਨੂੰ ਹੁਣੇ ਤੋਂ ਪੰਜਾਬ ਦੀਆਂ ਨਵੀਆਂ ਅਤੇ ਪੁਰਾਣੀਆਂ ਬੀਰਾਨੀ ਜ਼ਮੀਨਾਂ ਵਿਚ ਬੀਜੀਆਂ ਜਾਣ ਵਾਲੀਆਂ ਫਸਲਾਂ ਦੀ ਚੋਣ ਕਰਕੇ ਇਨ੍ਹਾਂ ਦੀ ਕਾਸ਼ਤ ਕਰਨ ਲਈ ਮਾਨਸਿਕ ਪੱਖੋਂ ਆਪਣੇ-ਆਪ ਨੂੰ ਤਿਆਰ ਕਰਨਾ ਚਾਹੀਦਾ ਹੈ ਅਤੇ ਸਰਕਾਰਾਂ ਲਈ ਵੀ ਇਹ ਜ਼ਰੂਰੀ ਹੋਵੇਗਾ ਕਿ ਬੀਰਾਨੀ ਖੇਤੀ ਦੀ ਖੋਜ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਵੱਧ ਤੋਂ ਵੱਧ ਫੰਡ ਦੇਣ ਵਿਚ ਕੰਜੂਸੀ ਨਾ ਕਰਨ।

ਪੰਜਾਬ ਵਿਚ ਹੁਣ ਜਦ ਝੋਨੇ ਵਰਗੀ ਰਵਾਇਤੀ ਫ਼ਸਲ ਦੀ ਕਾਸ਼ਤ ਲਈ ਸਾਹਮਣੇ ਫੌਲਾਦੀ ਦੀਵਾਰਾਂ ਨਜ਼ਰ ਆਉਣ ਲੱਗੀਆਂ ਹਨ ਤਾਂ ਕਿਸਾਨਾਂ ਲਈ ਗੰਭੀਰਤਾ ਨਾਲ ਚਿੰਤਨ ਕਰਨ ਦਾ ਮੌਕਾ ਹੈ।

ਪਾਣੀ ਤੇ ਜ਼ਮੀਨ ਦਾ ਨਾਸ਼ ਮਾਰ ਕੇ ਖੇਤਾਂ ਵਿਚੋਂ ਝੋਨੇ ਦੀਆਂ ਠੋਕ-ਠੋਕ ਭਰੀਆਂ ਟਰਾਲੀਆਂ ਦੀ ਖੁਸ਼ੀ ਸ਼ਾਇਦ ਓਨੀ ਨਾ ਮਿਲੇ, ਪਾਣੀ ਦੇ ਓਪਰੇ ਸਰੋਤ ਸੁੱਕ ਜਾਣ ਨਾਲ ਗਰੀਬ ਲੋਕਾਂ ਨੂੰ ਜਿੰਨੇ ਦੁੱਖ ਭੁਗਤਣੇ ਪੈਣਗੇ।

ਪਾਣੀ ਦੀ ਘਾਟ ਨਾਲ ਜੁੜੇ ਅਜੋਕੇ ਹਾਲਾਤ ਨਾਲ ਨਜਿੱਠਣ ਦਾ ਫੈਸਲਾ ਹੁਣ ਕੁਦਰਤ ਨੇ ਕਰਨਾ ਹੈ, ਕੁਦਰਤ ਦੇ ਫੈਸਲੇ ਸੰਤੁਲਿਤ ਤੇ ਬਿਨਾਂ ਪੱਖਪਾਤ ਦੇ ਹੁੰਦੇ ਹਨ, ਕਿਉਂਕਿ 'ਕੁਦਰਤ ਵਿਚਾਰੀ ਤਾਂ ਪਰਉਪਕਾਰੀ ਪਰ ਇਨਸਾਨਾਂ ਦੀਆਂ ਭੁੱਲਾਂ ਤੇ ਗ਼ਲਤੀਆਂ 'ਤੇ ਕੁਦਰਤ ਕਦੇ ਕੋਈ ਰਿਆਇਤ ਨਹੀਂ ਦਿੰਦੀ। ਜਾਂ ਹੁਣ ਫੈਸਲਾ ਸਰਕਾਰਾਂ ਦੇ ਦ੍ਰਿਸ਼ਟੀ ਗੋਚਰ ਹੈ, ਆਸ ਕਰਦੇ ਹਾਂ ਕਿ ਪੰਜਾਬ ਦੇ ਕਿਸਾਨ ਵੀ ਗੰਭੀਰਤਾ ਨਾਲ ਵਿਚਾਰ ਕਰਕੇ ਸ਼ਾਇਦ ਹੀ ਕਲਿਆਣਕਾਰੀ ਫੈਸਲਾ ਕਰ ਸਕਣ।

# ਜੂਨ 84 ਦਾ ਘੱਲੂਘਾਰਾ



ਅਫਜਲ ਅਹਿਸਨ ਰੰਧਾਵਾ

ਸੁਣ ਰਾਹੀਆ ਕਰਮਾਂ ਵਾਲਿਆ !
ਮੈਂ ਬੇਕਰਮੀ ਦੀ ਬਾਤ।
ਮੇਰਾ ਚੜ੍ਹਦਾ ਸੂਰਜ ਡੁਬਿਆ
ਮੇਰੇ ਦਿਨ ਨੂੰ ਖਾ ਗਈ ਰਾਤ।

ਮੇਰੀ ਸਾਵੀ ਕੁੱਖ ਜਨਮਾ ਚੁੱਕੀ
ਜਿਹੜੀ ਗੁਰੂ ਸਿਆਣੇ ਵੀਰ।
ਅੱਜ ਤਪਦੀ ਭੱਠੀ ਬਣ ਗਈ
ਤੇ ਉਹਦੀ ਵੇਖ ਅਸੀਰ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਸਾਵੀ ਕੁੱਖ ਅਖ਼ੀਰ।
ਵਿਚ ਫੁਲਿਆਂ ਵਾਂਗੂੰ ਖਿੜ ਪਏ
ਮੇਰੇ ਸ਼ੇਰ ਜਵਾਨ ਤੇ ਪੀਰ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਮਹਿਕਾਂ ਵੰਡਦੀ ਕੁੱਖ।
ਅੱਜ ਮੇਰੇ ਥਣਾਂ 'ਚੋਂ ਚੁੰਘਦੇ
ਮੇਰੇ ਬਚੇ ਲਹੂ ਤੇ ਦੁੱਖ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਸੱਤ ਸਮੁੰਦਰ ਅੱਖ।
ਅੱਜ ਝੱਲੀ ਜਾਏ ਨਾ ਜੱਗ ਤੋਂ
ਮੇਰੀ ਸ਼ਹੀਦਾਂ ਵਾਲੀ ਦੱਖ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਚੂੜੇ ਵਾਲੀ ਬਾਂਹ।
ਅੱਜ ਵਿੱਚ ਸ਼ਹੀਦੀ ਝੰਡਿਆਂ
ਹੈ ਮੇਰਾ ਝੰਡਾ 'ਤਾਂਹ।

ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਸਗਲੇ ਵਾਲਾ ਪੈਰ।
ਅੱਜ ਵੈਰੀਆਂ ਕੱਢ ਵਿਖਾਲਿਆ
ਹੈ ਪੰਜ ਸਦੀਆਂ ਦਾ ਵੈਰ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਦੁੱਧਾਂ ਵੰਡਦੀ ਛਾਤ।
ਮੈਂ ਆਪਣੀ ਰੱਤ ਵਿੱਚ ਡੁੱਬ ਗਈ
ਪਰ ਬਾਹਰ ਨਾ ਮਾਰੀ ਝਾਤ।

ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਮੱਖਣ ਜਿਹਾ ਸਰੀਰ
ਮੈਂ ਕੁੱਖ ਸੜੀ ਵਿੱਚ ਸੜ ਮਰੇ
ਮੇਰਾ ਰਾਂਝਾ ਮੇਰੀ ਹੀਰ।

ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਡਲ੍ਹਕਾਂ ਮਾਰਦਾ ਰੰਗ।
ਮੈਂ ਮਰ ਜਾਣੀ ਵਿੱਚ ਸੜ ਗਿਆ
ਅੱਜ ਮੇਰਾ ਇੱਕ ਇੱਕ ਅੰਗ।

ਅੱਜ ਤਪਦੀ ਭੱਠੀ ਬਣ ਗਈ
ਮੇਰੇ ਵਿਹੜੇ ਦੀ ਹਰ ਇੱਟ।
ਜਿਥੇ ਦੁਨੀਆਂ ਮੱਥਾ ਟੇਕਦੀ
ਓਹ ਬੂਟਾਂ ਛੱਡੀ ਭਿੱਟ।

ਮੇਰੇ ਬੁਰਜ ਮੁਨਾਰੇ ਢਾਹ ਦਿੱਤੇ
ਢਾਹ ਦਿੱਤਾ ਤਖਤ ਅਕਾਲ।
ਮੇਰਾ ਸੋਨੇ ਰੰਗ ਰੰਗ ਅੱਜ
ਮੇਰੇ ਲਹੂ ਨਾ' ਲਾਲੋ ਲਾਲ।

ਮੇਰੀਆਂ ਖੁੱਥੀਆਂ ਟੈਂਕਾਂ ਮੀਢੀਆਂ
ਮੇਰੀ ਲੂਹੀ ਬੰਬਾਂ ਗੁੱਤ।
ਮੇਰੇ ਕੁੱਛੜ ਅੰਨ੍ਹੀਆਂ ਗੋਲੀਆਂ
ਭੁੰਨ ਸੁੱਟੇ ਮੇਰੇ ਪੁੱਤ।

ਮੇਰਾ ਚੂੜਾ ਰਾਤ ਸੁਹਾਗ ਦਾ
ਹੋਇਆ ਏਦਾਂ ਲੀਰੋ ਲੀਰ।
ਜਿੱਦਾਂ ਕਿਰਚੀ ਕਿਰਚੀ ਹੋ ਗਈ
ਮੇਰੀ ਸ਼ੀਸ਼ੇ ਦੀ ਤਸਵੀਰ।

ਮੇਰਾ ਸ਼ੇਰ ਬਹਾਦਰ ਸੂਰਮਾ
ਜਰਨੈਲਾਂ ਦਾ ਜਰਨੈਲ।
ਉਸ ਮੌਤ ਵਿਆਹੀ ਹੱਸ ਕੇ
ਓਹਦੇ ਦਿਲ 'ਤੇ ਰਤਾ ਨਾ ਮੈਲ।

ਪਰ ਕੋਈ ਨਾ ਉਹਨੂੰ ਬਹੁੜਿਆ
ਉਹਨੂੰ ਵੈਰੀਆਂ ਮਾਰਿਆ ਘੇਰ।
ਉਂਝ ਡੱਕੇ ਰਹਿ ਗਏ ਘਰਾਂ 'ਚ
ਮੇਰੇ ਲੱਖਾਂ ਪੁੱਤਰ ਸ਼ੇਰ।

ਸੁਣ ਰਾਹੀਆ ਕਰਮਾਂ ਵਾਲਿਆ !
ਮੈਂ ਬੇਕਰਮੀ ਦੀ ਬਾਤ।
ਮੇਰਾ ਚੜ੍ਹਦਾ ਸੂਰਜ ਡੁਬਿਆ
ਮੇਰੇ ਦਿਨ ਨੂੰ ਖਾ ਗਈ ਰਾਤ।

ਮੇਰੇ ਲੂੰ ਲੂੰ 'ਚੋਂ ਪਈ ਵਗਦੀ
ਭਾਵੇਂ ਲਹੂ ਦੀ ਇਕ ਇਕ ਨਹਿਰ।
ਮੈਂ ਅਜੇ ਜਿਉਂਦੀ ਜਾਗਦੀ
ਮੈਂ ਝੱਲ ਗਈ ਸਾਰਾ ਕਹਿਰ।


ਮੈਂ ਮਰ ਨਹੀਂ ਸਕਦੀ ਕਦੇ ਵੀ
ਭਾਵੇਂ ਵੱਢਣ ਅੱਠੇ ਪਹਿਰ।
ਭਾਵੇਂ ਦੇਣ ਤਸੀਹੇ ਰੱਜ ਕੇ
ਭਾਵੇਂ ਰੱਜ ਪਿਆਲਣ ਜ਼ਹਿਰ।

ਮੇਰੇ ਪੁੱਤਰ ਸਾਗਰ ਜ਼ੋਰ ਦਾ
ਹਰ ਹਰ ਬਾਂਹ ਇਕ ਇਕ ਲਹਿਰ।
ਮੇਰੇ ਪੁੱਤਰ ਪਿੰਡੋ ਪਿੰਡ ਨੇ
ਮੇਰੇ ਪੁੱਤਰ ਸ਼ਹਿਰੋ ਸ਼ਹਿਰ।

ਮੇਰੀ ਉਮਰ ਕਿਤਾਬ ਦਾ ਵੇਖ ਲੈ
ਤੂੰ ਹਰ ਹਰ ਵਰਕਾ ਪੜ੍ਹ।
ਜਦੋਂ ਭਾਰੀ ਬਣੀ ਹੈ ਮਾਂ 'ਤੇ
ਮੇਰੇ ਪੁੱਤਰ ਆਏ ਚੜ੍ਹ।

ਪੜ੍ਹ ! ਕਿੰਨੀ ਵਾਰੀ ਮਾਂ ਤੋਂ
ਉਨ੍ਹਾਂ ਵਾਰੀ ਆਪਣੀ ਜਾਨ।
ਪੜ੍ਹ ! ਕਿਸ ਦਿਨ ਆਪਣੀ ਮਾਂ ਦਾ
ਉਨ੍ਹਾਂ ਨਹੀਂ ਸੀ ਰੱਖਿਆ ਮਾਣ।

ਸੁਣ ਰਾਹੀਆ ਰਾਹੇ ਜਾਂਦਿਆ !
ਤੂੰ ਲਿਖ ਰੱਖੀਂ ਇਹ ਬਾਤ।
ਮੇਰਾ ਡੁੱਬਿਆ ਸੂਰਜ ਚੜ੍ਹੇਗਾ
ਓੜਕ ਮੁੱਕੇਗੀ ਇਹ ਰਾਤ।



Registration No. MAHBIL/2013/53199
Postal Registration NO.MCE/248/2023-25
Postal at Dadar H.O. Mumbai-14

# ਗੁਰਮਤਿ ਸਿੱਖਲਾਈ ਕੈਂਪ ਵਿੱਚ ਅਗਲੀ ਪੀੜੀ ਨੂੰ ਜਾਤੀ ਅਤੇ ਜਮਾਤੀ ਸਿੱਖ ਜੀਵਚ ਜਾਚ ਲਈ ਕੀਤਾ ਤਿਆਰ











***ਬਾਕੀ ਪੰਨਾ ਨੰਬਰ 2 ਤੋਂ***

ਸਿੰਘ, ਲੁਧਿਆਣੇ ਤੋਂ ਵੀਰ ਗੌਰਵਦੀਪ ਸਿੰਘ, ਵੀਰ ਇੰਦਰਪਾਲ ਸਿੰਘ, ਵੀਰ ਸਤਨਾਮ ਸਿੰਘ, ਰੋਪੜ ਕਾਲਜ ਤੋਂ ਵੀਰ ਪਲਵਿੰਦਰ ਸਿੰਘ, ਵੀਰ ਮਧਾਣੀ ਸਿੰਘ ਅਤੇ ਹੋਰ ਵੀਰ ਪਹੁੰਚੇ। ਇਸ ਤੋਂ ਇਲਾਵਾ ਕੁਝ ਮੁੰਬਈ ਦੀਆਂ ਬੀਬੀਆਂ ਬੀਬੀ ਕੰਵਲਜੀਤ ਕੌਰ, ਬੀਬੀ ਸਵਰਨਜੀਤ ਕੌਰ ਅਤੇ ਬੀਬੀ ਸਰਬਜੀਤ ਕੌਰ ਨੇ ਛੋਟੇ ਬੱਚਿਆਂ ਦੀਆਂ ਕਲਾਸਾਂ ਲਈਆਂ।

ਬੱਚਿਆਂ ਅੰਦਰ ਸੇਵਾ ਦੀ ਭਾਵਨਾ ਭਰਨ ਵਾਸਤੇ ਲੰਗਰ ਦੀ ਸੇਵਾ, ਰਿਹਾਇਸ਼ੀ ਸਥਾਨਾਂ ਦੀ ਸਾਫ ਸਫਾਈ, ਆਪਣੇ-ਆਪਣੇ ਬਿਸਤਰਿਆਂ ਦੀ ਸਾਫ-ਸਫਾਈ ਇਤਿਆਦਿਕ ਵਾਸਤੇ ਵੀ ਪ੍ਰੇਰਿਆ ਗਿਆ। ਬੱਚਿਆਂ ਨੇ ਇਹਨਾਂ ਸੇਵਾਵਾਂ ਵਿਚ ਹਿੱਸਾ ਲੈ ਕੇ ਆਪਣੇ ਜੋਸ਼ ਦਾ ਅਤੇ ਕੈਂਪ ਦੇ ਡਿਸਿਪਲਿਨ ਦਾ ਚੰਗਾ ਪ੍ਰਗਟਾਵਾ ਕੀਤਾ।

ਸ਼ਰੀਰਕ ਕਸਰਤਾਂ, ਟਰੈਕਿੰਗ ਅਤੇ ਖੇਡਾਂ ਵਿੱਚ ਹਿੱਸਾ ਲੈ ਕੇ ਸੰਗਤਾਂ ਨੇ ਦੂਜੀ ਪਾਤਸ਼ਾਹੀ ਦੁਆਰਾ ਚਲਾਏ ਗਏ ਮੱਲ ਅਖਾੜਿਆਂ ਦੇ ਪੂਰਨਿਆਂ ਉੱਪਰ ਚੱਲਣ ਦਾ ਯਤਨ ਕੀਤਾ। ਸਵੇਰ ਦੇ ਨਿੱਤਨੇਮ ਤੋਂ ਬਾਅਦ ਕਸਰਤ ਅਤੇ ਟਰੈਕਿੰਗ ਰਾਹੀਂ ਸੰਗਤਾਂ ਨੂੰ ਸਰੀਰਕ ਤੰਦਰੁਸਤੀ ਲਈ ਪ੍ਰੇਰਿਆ ਗਿਆ। ਸ਼ਾਮ ਦੇ ਸਮੇਂ ਖੇਡਾਂ ਦਾ ਪ੍ਰਬੰਦ ਵੀ ਕੀਤਾ ਗਿਆ ਜਿਸ ਵਿੱਚ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਭਰਪੂਰ ਹਿੱਸਾ ਲਿਆ।

ਕੈਂਪ ਵਿੱਚ ਆਉਣ ਜਾਣ ਵਾਲੀਆਂ ਸੰਗਤਾਂ ਦੀ ਰਿਹਾਇਸ਼, ਰਜਿਸਟ੍ਰੇਸ਼ਨ ਅਤੇ ਹੋਰ ਸੇਵਾਵਾਂ ਨੂੰ ਚੰਗੇ ਤਰੀਕੇ ਨਾਲ ਚਲਾਉਣ ਲਈ ਇੱਕ ਕੰਪਿਊਟਰਾਇਜਡ ਦਫ਼ਤਰ ਵੀ ਸਥਾਪਿਤ ਕੀਤਾ ਗਿਆ ਸੀ। ਇਸ ਕੈਂਪ ਵਿੱਚ ਸਿੱਖ ਬੱਚਿਆਂ ਤੋਂ ਇਲਾਵਾ ਸਿੰਧੀ ਸੰਗਤਾਂ ਅਤੇ ਸਿਕਲੀਗਰ ਸੰਗਤਾਂ ਨੇ ਵੀ ਹਿੱਸਾ ਲਿਆ।

ਸਿਕਲੀਗਰ ਨੌਜਵਾਨਾਂ ਨੂੰ ਦਸਤਾਰ ਬੰਦੀ ਦੀ ਵਿਸ਼ੇਸ਼ ਸਿਖਲਾਈ ਦਿੱਤੀ ਗਈ ਅਤੇ ਉਨ੍ਹਾਂ ਨੂੰ ਦਸਤਾਰਾਂ ਵੀ ਦਿੱਤੀਆਂ ਗਈਆਂ।

ਲਿਟਰੇਚਰ ਵੀ ਵੰਡਿਆ ਗਿਆ। ਧੁਲੀਆ ਅਤੇ ਸ਼ੋਲਾਪੁਰ ਦੀਆਂ ਸੰਗਤਾਂ ਨੇ ਜਿੱਥੇ ਲੈਕਚਰਾਂ ਵਿੱਚ ਹਾਜ਼ਰੀ ਭਰ ਕੇ ਟ੍ਰੇਨਿੰਗ ਲਈ ਉੱਥੇ ਆਪਣੇ ਵਿਚਾਰ ਅਤੇ ਸੇਵਾ ਰਾਹੀਂ ਸੰਗਤਾਂ ਤੇ ਵਿਸ਼ੇਸ਼ ਪ੍ਰਭਾਵ ਛੱਡਿਆ।

ਸ੍ਰੀ ਗੁਰੂ ਸਿੰਘ ਸਭਾ ਦਾਦਰ, ਸੇਵਕ ਜਥਾ ਦਾਦਰ, ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ ਅਤੇ ਵਾਸ਼ੀ ਗੁਰਦੁਆਰਾ ਸਾਹਿਬਾਨ ਨੇ ਗੁਰਮਤਿ ਕੈਂਪ ਲਈ ਭਰਪੂਰ ਮਿਲਵਰਤਣ ਬਖਸ਼ਿਆ।

ਸੇਵਕ ਜਥਾ ਦਾਦਰ ਵੱਲੋਂ ਸਕਿਓਰਟੀ ਅਤੇ ਡਿਸਿਪਲਿਨ ਦੇ ਪਾਲਣ ਦੀ ਸੇਵਾ ਨਿਭਾਈ ਗਈ। ਜੱਥੇ ਦੇ ਵੀਰਾਂ ਵੱਲੋਂ 22-35 ਅਤੇ ੧੭ ਤੋ ੨੦ ਸਾਲ ਦੇ ਗਰੁੱਪ ਲਈ ਇਕ ਲੈਕਚਰ ਰਾਹੀ ਵੀ ਸੇਧ ਦਿੱਤੀ ਗਈ।

ਇਨਾਮ ਵੰਡ ਲਈ ਫੈਸਲੇ ਦੇਣ ਲੱਗਿਆਂ ਜੱਜ ਦੀ ਸੇਵਾ ਨਿਭਾਉਣ ਵਾਲਿਆਂ ਨੂੰ ਵੀ ਜੇਤੂਆਂ ਦੀ ਚੋਣ ਕਰਨਾ ਮੁਸ਼ਕਲ ਹੋ ਗਿਆ ਸੀ ਵਿਸ਼ੇਸ਼ ਕਰ ਨਿੱਤਨੇਮ ਉਚਾਰਣ, ਕੀਰਤਨ ਅਤੇ ਸ਼ਬਦ ਵਿਚਾਰ ਕਿਉਂਕਿ ਬੱਚਿਆਂ ਦੀ ਪੇਸ਼ਕਾਰੀ ਬਹੁਤ ਹੀ ਸ਼ਾਨਦਾਰ ਸੀ।

ਸੋ ਇਸ ਪ੍ਰਕਾਰ ਇਸ ਕੈਂਪ ਵਿੱਚ ਗੁਰਮਤਿ, ਕੈਰੀਅਰ ਗਾਈਡੈਂਸ, ਸਰੀਰਕ ਤੰਦਰੁਸਤੀ, ਸੇਵਾਵਾਂ, ਭਵਿੱਖ ਦੀ ਸੋਚਣੀ ਇਤਿਆਦਿਕ ਬਾਰੇ ਸੰਗਤਾਂ ਨੂੰ ਜਾਣੂ ਕਰਾਇਆ ਗਿਆ।

ਇਸਦੇ ਨਾਲ ਨਾਲ ਸਿੰਧੀ ਸੰਗਤਾਂ ਅਤੇ ਸਿਕਲੀਗਰ ਸੰਗਤਾਂ ਨੂੰ ਮੁੱਖ ਧਾਰਾ ਦੀ ਸਿੱਖ ਸੰਗਤਾਂ ਨਾਲ ਜੋੜਨ ਦਾ ਵੀ ਉਪਰਾਲਾ ਕੀਤਾ ਗਿਆ। ਰੋਪੜ ਕਾਲਜ ਦੇ ਅਮਰਜੀਤ ਸਿੰਘ ਨੇ ਸਿੰਘ ਸਭਾ ਪਤ੍ਰਿਕਾ ਨਾਲ ਗਲਬਾਤ ਕਰਦੇ ਹੋਇ ਕਿਹਾ, “ਅਗਲੀ ਪੀੜੀ ਦੇ ਬੱਚੇ ਅਤੇ ਨੌਜਵਾਨ ਕੌਮ ਦਾ ਭਵਿੱਖ ਹਨ ਅਤੇ ਭਵਿੱਖ ਦੇ ਵਿੱਚ ਇਹਨਾਂ ਬੱਚਿਆਂ ਨੇ ਹੀ ਸੰਸਥਾਵਾਂ ਅਤੇ ਜਥੇਬੰਦੀਆਂ ਦੀ ਵਾਗਡੋਰ ਸੰਭਾਲਣੀ ਹੈ ਜਿਸ ਲਈ ਜ਼ਰੂਰੀ ਹੈ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਗੁਰਮਤਿ ਵਿੱਚ ਪਰਪੱਕ ਕੀਤਾ ਜਾਵੇ। ਗੁਰੂ ਬਖਸ਼ਸ਼ ਸਦਕਾ ਇਹ ਉਪਰਾਲੇ ਜਾਰੀ ਰਹਿਣ ਅਤੇ ਅਸੀਂ ਕੌਮ ਦੀ ਉਸਾਰੀ ਵਿੱਚ ਹੰਭਲਾ ਮਾਰਦੇ ਰਹਿਏ।